
ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ

ਗੁਰਮਤਿ ਪ੍ਰਚਾਰਕ ੴ ਅੱਧ-ਮਾਸਕ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਪਟਿਆਲਾ



ਇਹ ਪ੍ਰਚਾਰਕ ਜਥਾ ਜਦ ਮੇਰਠ ਪੁਜਾ ਤਾਂ ਉਥੋਂ ਦੀਆਂ ਸੰਗਤਾਂ ਵਲੋਂ ਜਥੇ ਦਾ ਨਿੱਘਾ ਸਵਾਗਤ ਕੀਤਾ ਗਿਆ।

ਾਰ ੧੯੭੦

www.AKJ.Org



ਕੋਟੇ ਪੁਜਣ ਤੇ ਮਿਲਣੀ ਸਮੇਂ ਪ੍ਰਚਾਰਕ ਜਥੇ ਦਾ ਉਥੋਂ ਦੀਆਂ ਸੰਗਤਾਂ ਵਲੋਂ ਨਿੱਘਾ ਸਵਾਗਤ ਹੋਇਆ। ਭਾਈ ਮਹਿੰਦਰ ਸਿੰਘ ਜੀ ਜਥੇ ਸਮੇਤ 'ਹਉ ਆਇਆ ਦੂਰਹੁ ਚਲ ਕੇ...' ਸ਼ਬਦ ਗਾਇਨ ਕਰ ਰਹੇ ਹਨ।

---

## ਸਿੰਘ ਸਭਾ ਬੈਂਕੋਕ ਵਲੋਂ ਦਸਮੇਸ਼ ਪੁਰਬ

ਸ: ਰਣਜੀਤ ਸਿੰਘ ਸਕਤਰ ਸ੍ਰੀ ਗੁਰੂ ਸਿੰਘ ਸਭਾ ਸੂਚਨਾ ਦੇਂਦੇ ਹਨ ਕਿ ਸਿੰਘ ਸਭਾ ਵਲੋਂ 50ੑ
ਰਾਸ਼ ਪੁਰਬ ਦੇ ਸਬੰਧ ਵਿਚ 51 ਹਜ਼ਾਰ ਜਪਜੀ ਸਾਹਿਬ ਦੇ ਪਾਠ ਕਰਨ ਦਾ ਨਿਸ਼ਾਨਾ ਮਿਥਿਆ ਗਿ
ਪ ਕੇ 88881 ਤਕ ਅਪੜ ਗਿਆ। ਇਹਨਾਂ ਸਾਰੇ ਪਾਠਾਂ ਦਾ ਅਰਦਾਸਾ 13 ਨਵੰਬਰ ਨੂੰ ਗੁਰਪੁ
ਦਿਨ ਕੀਤਾ ਗਿਆ। ਹੁਣ ਦਸਮੇਸ਼ ਪਿਤਾ ਦਾ ਅਵਤਾਰ ਪੁਰਬ ਤਿੰਨ ਜਨਵਰੀ ਨੂੰ ਆ ਰਿਹਾ
ਲਈ ਸ੍ਰੀ ਚੋਪਈ ਸਾਹਿਬ ਦੇ ਸਵਾ ਲਖ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ ਹੈ। ਆਪ ਨੇ ਦੂਜੇ
ਮਾਂ ਸੰਗਤਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਵੀ ਇਸ ਲੜੀ ਵਿਚ ਭਾਗ ਲੈ ਕੇ ਸ੍ਰੀ ਚੋਪਈ ਸਾ
ਠ ਕਰਨ ਤੇ ਉਹਨਾਂ ਦੀ ਗਿਣਤੀ ਸਾਨੂੰ ਦਸਮੇਸ਼ ਪੁਰਬ ਤੋਂ ਪਹਿਲਾਂ ਭੇਜ ਦੇਣ।

---

## ਕੀਰਤਨ ਦੀ ਸੇਵਾ

ਜੋ ਛੋਟੇ ਬਚੇ ਬਚੀਆਂ ਪੜਾਈ ਤੋਂ ਹਟੇ ਹੋਣ ਜਾਂ ਸੂਰਮੇ ਹੋਣ ਜੋ ਘਰ ਦੇ ਕੰਮ ਵੀ ਨਾ ਕਰ
। ਦਿਆਂ ਤੋਂ ਭਾਰੂ ਹੋਣ, ਵਿਹਲੇ ਆਵਾਰਾ ਹੋਣ। ਪਰ ਕੁਛ ਪੰਜਾਬੀ ਜਾਣਦੇ ਹੋਣ ਜੋ ਦਾਸ
ਕੀਰਤਨ ਕਰ ਸਕਣ। ਆਪਣੀ ਕ੍ਰਿਆ ਵੀ ਕਰ ਸਕਣ ਐਸੇ ਬਚੇ ਬਚੀਆਂ ਬੀਬੀਆਂ ਜੋ ਪ
ਜਾਂ ਵਿਧਵਾ ਹੋਣ ਉਹ ਦਾਸ ਨੂੰ ਕੀਰਤਨ ਸਿਖਾਣ ਦੀ ਸੇਵਾ ਬਖਸ਼ਣੇ। ਦਾਸ ਕਿਸੇ ਬਚੇ ਨੂੰ
ਤੇ ਜ਼ਰੂਰਤਾਂ ਦੀ ਪੂਰੀ ਪੂ ਨ ਲਈ ਕਮਰ ਕਸੇ ਸਦਾ ਕਸੀ ਰਖੇ।

ਦਾਸ—ਜੀਵਨ ਸਿੰਘ ਰਾਗੀ, ਲੁਧਿ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹਿ ॥

# ਸੂਰਾ ਪਟਿਆਲਾ

ਮਾਸਕ ਪੱਤਰ


**ਸਾਲਾਨਾ ਚੰਦਾ**

ਦੇਸ 12 ਰੁਪਏ
ਪ੍ਰਦੇਸ ਸਮੁੰਦਰੀ ਡਾਕ 20 ਰੁਪਏ
ਪ੍ਰਦੇਸ ਹਵਾਈ ਡਾਕ 60 ਰੁਪਏ
ਲਾਈਫ਼ ਮੈਂਬਰ 250 ਰੁਪਏ
ਪ੍ਰਤੀ ਕਾਪੀ 70 ਪੈਸੇ


*

## ਗੁਰਮਤਿ ਪ੍ਰਚਾਰਕ ਅੱਧ-ਮਾਸਕ ਪੱਤਰ


'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4 (ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ ।

ਜਿਲਦ ਨੰ: ੫ ] ੨੦ ਨਵੰਬਰ ਮੁਤਾਬਕ ੫ ਮੱਘਰ ੫੦੧ ਨਾਨਕ ਸ਼ਾਹੀ [ ਅੰਕ ੧੯


ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ।
ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ।
ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ।
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ।
ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ।
ਨਾਨਕ ਸਾਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ ।


ਸੂਰਾ ਪ੍ਰਿੰਟਿੰਗ ਪ੍ਰੈਸ, ਧੋਬੀ ਘਾਟ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਪਿਆਰਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਨੇ ਛਪਵਾ ਕੇ ਦਫਤਰ 'ਸੂਰਾ' ਧੋਬੀ ਘਾਟ ਪਟਿਆਲਾ ਤੋਂ ਪ੍ਰਕਾਸ਼ਤ ਕੀਤਾ ।



www.AKJ.Org

# ਸਫ਼ਲ ਮਿਸ਼ਨਰੀ ਕੀਰਤਨ-ਟੂਰ

## – ਪ੍ਰੋ: ਵਧਾਵਾ ਸਿੰਘ ਜੀ ਐਮ. ਏ. –

ਸਿੰਘਾਂ ਦਾ ਇਕ ਯਾਤਰੀ ਜਥਾ, ਭਾਈ ਸਾਹਿਬ ਮਹਿੰਦਰ ਸਿੰਘ ਜੀ ਦੀ ਅਗਵਾਈ ਹੇਠ ਸਰਬ ਭਾਰਤੀ ਟੂਰ ਤੇ, ਕੀਰਤਨ ਮਿਸ਼ਨ ਲੈ ਕੇ, ਮਿਤੀ ੯-੧੦-੭੦ ਦਿਨ ਸ਼ੁਕਰਵਾਰ ਨੂੰ ਗੁਰਦਵਾਰਾ ਦੂਖ-ਨਿਵਾਰਨ ਸਾਹਿਬ ਪਟਿਆਲੇ ਵਿਖੇ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਚਰਨਾਂ ਵਿਚ, ਕੀਰਤਨ ਤੇ ਅਰਦਾਸ ਕਰ ਕੇ, ਰਾਤ ਨੂੰ ਠੀਕ ੮ ਵਜੇ ਚਲਿਆ । ਇਹ ਦਿੱਲੀ, ਜੈਪੁਰ, ਕੋਟਾ, ਬੜੋਦਾ, ਬੰਬਈ ਅਤੇ ਪੂਨੇ ਰਾਹੀਂ ਆਪਣੇ ਕੇਂਦਰੀ ਅਸਥਾਨ ਸ੍ਰੀ ਹਜ਼ੂਰ ਸਾਹਿਬ (ਨੰਦੇੜ) ਹੁੰਦਾ ਹੋਇਆ, ਇੰਦੌਰ, ਭੁਪਾਲ, ਗਵਾ-ਲੀਅਰ, ਆਗਰਾ, ਮੇਰਠ, ਹਰਿਦੁਆਰ, ਰੁੜਕੀ ਰਾਹੀਂ ਮਿਤੀ ੧.੧੧.੭੦ ਦਿਨ ਐਤਵਾਰ ਨੂੰ ਸ਼ਾਮ ਦੇ ੬ ਵਜੇ ਵਾਪਸ ਪਟਿਆਲੇ ਪਹੁੰਚਿਆ। ਜਿਵੇਂ ਕਿ ਸਿਰਲੇਖ ਤੋਂ ਸਪੱਸ਼ਟ ਹੈ, ਇਸ ਮਿਸ਼ਨਰੀ ਟੂਰ' ਦਾ ਮੰਤਵ, ਪੰਜਾਬ ਤੋਂ ਬਾਹਰ ਬੈਠੇ ਵੀਰਾਂ ਨੂੰ, ਗੁਰਬਾਣੀ ਦੇ ਕੀਰਤਨ ਸੁਣਨ ਦਾ ਮੌਕਾ ਦੇਣਾ, ਉਹਨਾਂ ਅੰਦਰ ਕੀਰਤਨ ਦੀ ਲਟਕ ਲਾਉਣੀ, ਕੀਰਤਨ ਲਈ ਭੁੱਖੀਆਂ ਤੇ ਤੜਪ ਰਹੀਆਂ ਰੂਹਾਂ ਦੀ ਸੰਗਤ ਵਿਚ ਰਲ਼ ਕੇ ਕੀਰਤਨ ਕਰਨ ਨਾਲ ਉਹਨਾਂ ਦੀਆਂ ਅਸੀਸਾਂ ਦੁਆਰਾ ਆਪਣਾ ਸੁਰਤ-ਸ਼ਬਦ ਦਾ ਮੇਲ ਕਰਦੇ-ਕਰਾਉਂਦੇ—'ਹਰਿ ਹਰਿ ਨਾਮ ਦੀਉ ਕੀਰਤਨ ਕਉ ਭਈ ਹਮਾਰੀ ਗਾਤਿ'—ਦੇ ਸੂਖਮ ਨਿਸ਼ਾਨੇ ਨੂੰ ਭੇਦਣਾ ਸੀ । ਮਾਨੋ ਇਹ ਸਿਖੀ ਦੇ ਪਸਾਰ ਤੇ ਸਿਖੀ ਜੀਵਨ ਦੇ ਸੰਚਾਰ ਦਾ ਇਕ ਤੁਰਦਾ-ਫਿਰਦਾ ਕੈਂਪ-ਸੈਂਟਰ ਸੀ ਜਿਸ ਨੇ ਆਪਣੇ ਟੂਰ ਦੇ ਦੌਰਾਨ ਪੰਜ ਥਾਵਾਂ ਤੇ ਅੰਮ੍ਰਿਤ-ਸੰਚਾਰ ਕਰ ਕੇ ਲਗਭਗ ਇਕ ਸੌ ਸਿੰਘਾਂ ਅਤੇ ਸਿੰਘਣੀਆਂ ਨੂੰ ਗੁਰੂ-ਬੋਹਿਥ ਤੇ ਚੜ੍ਹਾਇਆ, ਸਤ ਰੈਣ-ਸਬਾਈ ਕੀਰਤਨ ਕੀਤੇ ਅਤੇ ਇਕ ਆਨ ਮਤ ਦੇ ਵਿਸ਼ਵ-ਹਿੰਦੂ ਸਮੇਲਨ (ਜ਼ਿਲਾ ਬੰਬਈ) ਵਿਚ ਨਾਮ ਦੇਵ ਜੀ ਦੀ ਬਾਣੀ—'ਜਬ ਦੇਖਾ ਤਬ ਗਾਵਾ ॥ ਤਉ ਜਨ ਧੀਰਜੁ ਪਾਵਾ ॥੧॥ ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿ ਲੇ ਦੇਵਾ ॥੨॥ਰਹਾਉ॥' ਦਾ ਕੀਰਤਨ ਕਰ ਕੇ ਭਗਤ ਨਾਮ ਦੇਵ ਜੀ ਨੂੰ ਉਹਨਾਂ ਦੀ ੭੦੦ਵੀਂ ਵਰ੍ਹੇ ਗੰਢ ਤੇ ਸ਼ਰਧਾਂਜਲੀ ਭੇਟ ਕੀਤੀ ਅਤੇ ਮਰਾਠੀ, ਗੁਜਰਾਤੀ ਤੇ ਹੋਰ ਹਿੰਦੂ ਵੀਰਾਂ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਸ਼ਵ ਦ੍ਰਿਸ਼ਟੀਕੋਨ ਤੇ ਇਹਨਾਂ ਦੇ ਰਾਸ਼ਟਰੀ ਧਾਰਮਕ ਗ੍ਰੰਥ ਹੋਣ ਦਾ ਸਫਲ ਪ੍ਰਭਾਵ ਪਾਇਆ ।

ਇਸ ਟੂਰ ਵਿਚ ਸ੍ਰਵਣ ਕੀਤੇ ਗੁਰਬਾਣੀ-ਕੀਰਤਨ ਦੀਆਂ ਗੂੰਜਾਂ ਪਟਿਆਲੇ ਪਹੁੰਚ ਕੇ ਆਪਣੇ ਕੰਮਾਂ ਧੰਦਿਆਂ ਵਿਚ ਲਗਣ ਉਪਰੰਤ ਵੀ ਓਵੇਂ ਕਿਵੇਂ ਹੀ ਸੁਰਤ-ਮੰਡਲਾਂ ਵਿਚ ਪੈ ਰਹੀਆਂ ਹਨ । ਭਾਈ ਸਾਹਿਬ ਜੀ ਵਲੋਂ ਕਲਾਤਮਕ ਢੰਗ ਨਾਲ ਦਰਸਾਏ ਸਤਿਗੁਰ ਜੀ ਦੇ ਤਿੰਨੇ ਰੂਪ—੧. 'ਏਕ ਰੂਪ ਤਿਹ ਗੁਣ ਤੇ ਪਰੇ'; ੨. 'ਦੂਸਰ ਰੂਪ ਗੰਥ ਜੀ ਜਾਣ', ੩. 'ਤੀਸਰ ਰੂਪ ਸਿਖ ਹੈ ਮੋਹਿ' ਅੱਖਾਂ ਸਾਹਮਣੇ ਸਦਾ ਹੀ ਮੂਰਤੀਮਾਨ ਰਹਿੰਦੇ ਹਨ । 'ਪੋਥੀ ਪਰਮੇਸਰ ਕਾ ਥਾਨੁ ।'......, 'ਸਤਿਗੁਰ ਦੇਉ ਪਰਤਖ ਹਰਿ ਮੂਰਤ ਜੋ ਅੰਮ੍ਰਿਤ ਬਚਨ ਸੁਣਾਵੈ ।', ਸਤਿਗੁਰੂ ਜੀ ਦੇ ਦੂਜੇ ਰੂਪ ਨੂੰ ਵਾਹ ਵਾਹ ਦ੍ਰਿੜ੍ਹਾਉਂਦੇ ਹਨ ਅਤੇ 'ਗੁਰਸਿਖਾਂ ਅੰਦਰਿ ਸਤਿਗੁਰੁ ਵਰਤੈ ਚੁਣਿ ਕਢੇ ਲਧੋ ਵਾਰੇ'..., 'ਜੋ ਦੀਸੈ ਗੁਰ ਸਿਖੜਾ ਤਿਸ ਨਿਵ ਨਿਵ ਲਾਗਾ ਪਾਇ ਜੀਉ ।' ਆਦਿ ਸਤਿਗੁਰ ਜੀ ਦੇ ਤੀਸਰੇ ਰੂਪ ਨੂੰ ਭਲੀ ਭਾਂਤ ਪਰਗਟਾਉਂਦੇ ਹਨ। ਸਤਿਗੁਰ ਜੀ ਦੇ ਤੀਜੇ ਰੂਪ ਦੇ ਦਰਸ਼ਨ ਉਦੋਂ ਬਹੁਤ ਹੀ ਪਰਤੱਖ ਤੇ ਪਰਗਟ ਹੁੰਦੇ ਸਨ ਜਦੋਂ ਨਵੇਂ ਥਾਂ ਤੇ ਪਹੁੰਚਣ ਸਮੇਂ ਅਗੋਂ ਲੋਕਲ ਗੁਰਸਿਖ ਬਾਹਰੋਂ ਆਏ ਗੁਰ-ਭਾਈਆਂ ਨੂੰ ਗੁਰ ਸ਼ਬਦ ਦੁਆਰਾ 'ਜੀ ਆਇਆਂ' ਆਖਦੇ ਸਨ—'ਆਉ ਜੀ ਤੂ ਆਉ ਹਮਾਰੈ

ਹਰਿ ਜਸ ਸ੍ਰਵਨ ਸੁਨਾਵਨਾ ॥ਰਹਾਉ॥



www.AKJ.Org

ਤੁਧੁ ਆਵਤ ਮੇਰਾ ਮਨੁ ਤਨੁ ਹਰਿਆ
ਹਰਿ ਜਸੁ ਤੁਮ ਸੰਗਿ ਗਾਵਨਾ ।'

ਅਤੇ ਸਤਿਗੁਰ ਜੀ ਦਾ ਤੀਜਾ ਸਰੂਪ ਉਦੋਂ ਵੀ ਬਹੁਤ ਨਿਖਰਦਾ ਸੀ ਜਦੋਂ ਪੰਜ ਪਿਆਰੇ, ਅੰਮ੍ਰਿਤ-ਸੰਚਾਰ ਉਪਰੰਤ, ਨਵੇਂ ਸਜੇ ਸਿੰਘ ਅਤੇ ਸਿੰਘਣੀਆਂ ਨਾਲ, ਇਕ ਰੂਪ ਹੋਏ ਸੰਗਤ ਵਿਚ ਆਉਂਦੇ ਸਨ ਅਤੇ ਭਾਈ ਸਾਹਿਬ ਜੀ ਅਗੋਂ ਦਸਮ ਪਾਤਸ਼ਾਹ ਜੀ ਦਾ ਇਹ ਸਿੱਖਾਂ ਪ੍ਰਤੀ ਇਕਰਾਰ ਸੁਣਾਉਂਦੇ ਸਨ:—

(੧) 'ਪੰਥ ਖਾਲਸਾ ਖੇਤੀ ਮੇਰੀ,
ਕਰੂੰ ਸੰਭਾਲ ਮੈਂ ਤਿਸ ਕੇਰੀ ।...'

ਅਤੇ

(੨) 'ਖਾਲਸਾ ਮੇਰੋ ਰੂਪ ਹੈ ਖਾਸ ।
ਖਾਲਸੇ ਮਹਿ ਹਉਂ ਕਰੋਂ ਨਿਵਾਸ ।
ਖਾਲਸਾ ਮੇਰੋ ਮੁਖ ਹੈ ਅੰਗਾ ।
ਖ਼ਾਲਸੇ ਕੇ ਹਉਂ ਸਦ ਸਦ ਸੰਗਾ ।...'
ਆਦਿ ।

ਬੀਬੀ ਕ੍ਰਿਪਾਲ ਕੌਰ ਦੁਆਰਾ ਸੋਜ਼ ਭਰੀ ਤੇ ਵੈਰਾਗ-ਮਈ ਸੁਰ ਵਿਚ ਗਾਏ ਸ਼ਬਦ ਜਿਵੇਂ ਕਿ:—

'ਸੰਮਨ ਜਉ ਇਸ ਪ੍ਰੇਮ ਕੀ
ਦਮ ਕਿਹੁ ਹੋਤੀ ਸਾਟ ।
ਰਾਵਨ ਹੁਤੇ ਸੁ ਰੰਕ ਨਹਿ
ਜਿਨਿ ਸਿਰ ਦੀਨੇ ਕਾਟਿ ।੧।...

ਅਤੇ ਭਾਈ ਮਹਿੰਦਰ ਸਿੰਘ ਹਰਿਦੁਆਰ ਵਾਲਿਆਂ ਦਾ ਸ਼ਬਦ :

'ਤਉ ਕਾਰਣਿ ਸਾਹਿਬਾ ਰੰਗਿ ਰਤੇ, (ਰੰਗ ਰਤੇ)'

ਇਸ ਕੀਰਤਨੀ-ਸੰਗੀਤ ਮੰਡਲ ਦੇ ਨਿਵੇਕਲੇ ਰੰਗ ਹਨ ਜੋ ਭਾਈ ਸਾਹਿਬ ਮਹਿੰਦਰ ਸਿੰਘ ਜੀ ਦੇ ਕੀਰਤਨ ਨੂੰ ਉਘਾੜਨ ਵਿਚ ਸਹਾਇਤਾ ਕਰਦੇ ਸਨ ਅਤੇ ਸਰੋਤਿਆਂ ਦੇ ਹਿਰਦਿਆਂ ਵਿਚ ਨਵਾਂ ਪ੍ਰੇਮ ਤੇ ਉਤਸ਼ਾਹ ਭਰਦੇ ਸਨ । ਬੀਬੀ ਹਰਬੰਸ ਕੌਰ ਜਿਨ੍ਹਾਂ ਨੇ ਮੇਰਠ ਤੋਂ ਜਥੇ ਦੇ ਨਾਲ ਰਲ ਕੇ ਹਰਦੁਆਰ ਤੇ ਰੁੜਕੀ ਦੋ ਥਾਵਾਂ ਤੇ ਸ਼ਬਦ ਪੜ੍ਹੇ, ਦੋ ਸ਼ਬਦ:—

(੧) 'ਬਾਬਾ ਬੋਲਨਾ ਕਿਆ ਕਹੀਐ ।
ਜੈਸੇ ਰਾਮ ਨਾਮ ਰਵਿ ਰਹੀਐ ।੧।ਰਹਾਉ।'
[ਕਬੀਰ ਜੀ]

ਅਤੇ

(੨) (ਜੀ) 'ਹਮ ਰੁਲਤੇ ਫਿਰਤੇ
ਕੋਈ ਬਾਤ ਨਾ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ।'

ਖਾਸ ਰਸ-ਪ੍ਰਦਾਨ ਕਰਨ ਵਾਲੇ ਸਨ । ਬੀਬੀ ਜੀ ਦੇ ਬੋਲ ਵਿਚ ਦ੍ਰਿੜ੍ਹਤਾ, ਆਵਾਜ਼ ਵਿਚ ਸੂਖਮਤਾ ਤੇ ਪ੍ਰਕਰਨ ਦੀ ਨਿਪੁੰਨਤਾ ਇਸ ਗੱਲ ਦੀ ਸਾਖ ਭਰਦੇ ਸਨ ਕਿ ਬੀਬੀ ਜੀ ਹੋਰ ਮਿਹਨਤ ਕਰਕੇ ਅਤੇ ਵਧੇਰੇ ਨਾਮ-ਕਮਾਈ ਦੁਆਰਾ ਗੁਰੂ ਸੰਗਤ ਦੀਆਂ ਹੋਰ ਵੀ ਖੁਸ਼ੀਆਂ ਪ੍ਰਾਪਤ ਕਰ ਸਕਦੇ ਹਨ । ਕਈ ਇਕ ਹੋਰ ਬੀਬੀਆਂ ਵੀ ਕੀਰਤਨ ਵਿਚ ਹਿੱਸਾ ਲੈਂਦੀਆਂ ਰਹੀਆਂ ਜਿਨ੍ਹਾਂ ਵਿਚੋਂ ਬੀਬੀ ਅਮਰਜੀਤ ਕੌਰ ਦਾ ਹਿੱਸਾ ਵੀ ਵਰਨਣਯੋਗ ਹੈ । ਵੀਰਾਂ ਵਿਚੋਂ ਭਾਈ ਜਸਬੀਰ ਸਿੰਘ ਦਾ ਪਾਰਟ ਉਘਾ ਹੈ । ਆਪ ਜੀ ਭਾਈ ਸਾਹਿਬ ਮਹਿੰਦਰ ਸਿੰਘ ਹੋਰਾਂ ਦੀ ਸੰਗਤ ਵਿਚ ਕਾਫੀ ਸਮਾਂ ਰਹਿੰਦੇ ਹਨ ਅਤੇ ਆਪ ਨੇ ਉਹਨਾਂ ਦੀਆਂ ਟੀਊਨਾਂ ਖਾਸ ਕਰਕੇ ਬੀਰ-ਰਸੀ ਟੀਊਨਾਂ ਦੀ ਕਾਫੀ ਮੁਹਾਰਤ ਪ੍ਰਾਪਤ ਕਰ ਲਈ ਹੈ ਅਤੇ ਕਈ ਵਾਰ ਤਾਂ ਉਹਨਾਂ ਨਾਲ ਮਿਲਦਾ-ਜੁਲਦਾ ਹੀ ਕੀਰਤਨ ਕਰ ਜਾਂਦੇ ਹਨ ਅਤੇ ਭਾਈ ਸਾਹਿਬ ਹੋਰਾਂ ਨੂੰ ਵੀ ਇਹਨਾਂ ਤੇ ਮਾਣ ਹੈ । ਆਪ ਨੇ ਕਈ ਥਾਵਾਂ ਤੇ ਕੀਰਤਨ ਕੀਤਾ ਪਰ ਮੇਰਠ ਵਿਚ ਕੀਤਾ ਅਤਿ ਸੁੰਦਰ ਕੀਰਤਨ ਖਾਸ ਵਰਣਨਯੋਗ ਹੈ, ਜਿਸ ਵਿਚ ਬਹੁਤ ਰੰਗ ਬੱਝਿਆ । ਭਾਈ ਸਾਹਿਬ ਮਹਿੰਦਰ ਸਿੰਘ ਜੀ ਦੇ ਕੀਰਤਨੀ ਜਥੇ ਦੇ ਤਿੰਨ ਹੋਰ ਉਘੇ ਮੈਂਬਰ ਭਾਈ ਜੋਗਿੰਦਰ ਸਿੰਘ, ਭਾਈ ਪ੍ਰੇਮ ਸਿੰਘ ਤੇ ਥਾਣੇ-ਦਾਰ ਗੁਰਬਚਨ ਸਿੰਘ ਹਨ, ਜੋ ਸ਼ਬਦ ਦੀ ਸੁਰ ਨੂੰ ਉਚਿਆਂ ਚੁਕਣ ਵਿਚ ਖਾਸ ਨਿਵੇਕਲਾ ਹਿੱਸਾ ਪਾਉਂਦੇ ਸਨ । ਭਾਈ ਸੇਵਾ ਸਿੰਘ ਜੀ ਆਮ ਕਰਕੇ ਵਾਜੇ ਦੀ ਡਿਊਟੀ ਜੀ ਦੇ ਨਾਲ ਸੰਭਾਲਦੇ ਸਨ । ਜੁੜੀ ਆਤਮਾ, ਭਾਈ ਸਾਹਿਬ ਹਰਚਰਨ ਸਿੰਘ ਜੀ,



www.AKJ.Org

ਬਡਾਲੇ ਵਾਲੇ, ਪ੍ਰਭੂ ਰੰਗ ਵਿਚ ਵਿਚਰਦੇ ਹੋਏ, ਕੀਰਤਨ ਕਰਨ ਵਾਲਿਆਂ ਦਾ ਪੂਰਾ ਸਾਥ ਨਿਭਾਉਂਦੇ ਸਨ ਤੇ ਮਾਨੋ ਇਹਨਾਂ ਦੀ ਜਿੰਦ-ਜਾਨ ਸਨ।

ਭਾਵੇਂ ਜਥੇ ਦੇ ਨਾਲ ਗਏ ਸਿੰਘ ਵਧੇਰੇ ਕਰਕੇ ਕੀਰਤਨ ਕਰਨ ਵਾਲੇ ਸਿੰਘ ਹੀ ਸਨ ਪਰ ਜਥੇ ਵਿਚ ਤਿੰਨ ਸਿੰਘ ਅਜਿਹੇ ਵੀ ਸ਼ਾਮਲ ਸਨ ਜੋ ਕੇਵਲ ਕੀਰਤਨ ਸੁਣਨ ਅਤੇ ਅੰਤਰ-ਆਤਮੇ ਮੰਨਣ ਵਿਚ ਹੀ ਮਸਤ ਰਹਿੰਦੇ ਸਨ ਜਿਨ੍ਹਾਂ ਵਿਚੋਂ ਬਾਬਾ ਹਰਨਾਮ ਸਿੰਘ ਜੀ (ਗੁਰਦਵਾਰਾ ਰਾਮਪੁਰ ਖੇੜ੍ਹਾ, ਜ਼ਿਲ੍ਹਾ ਹੁਸ਼ਿਆਰਪੁਰ) ਦਾ ਨਾਂ ਵਰਣਨਜੋਗ ਹੈ ਤੇ ਜਿਨ੍ਹਾਂ ਦਾ ਭਾਈ ਸਾਹਿਬ ਮਹਿੰਦਰ ਸਿੰਘ ਜੀ ਖਾਸ ਖਿਆਲ ਰਖਦੇ ਸਨ। ਇਹ ਸਜਣ ਭਾਵੇਂ ਆਪ ਕੀਰਤਨ ਨਹੀਂ ਕਰਦੇ ਸਨ ਪਰ ਹੋ ਰਹੇ ਕੀਰਤਨ ਨੂੰ ਅੰਤਰ-ਆਤਮੇ ਸੰਭਾਲਣ ਦਾ ਯਤਨ ਕਰਦੇ ਤੇ ਕੀਰਤਨ ਕਰਨ ਵਾਲਿਆਂ ਨੂੰ ਗੁਰਬਾਣੀ ਦੇ ਕੀਰਤਨ ਦੀ ਵਰਖਾ ਕਰਨ ਦੀ ਦਾਦ ਜ਼ਰੂਰ ਦਿੰਦੇ ਸਨ। ਇਹਨਾਂ ਕੀਰਤਨੀਆਂ ਨੂੰ ਵੇਖ ਕੇ ਧੰਨ ਧੰਨ ਕਹਿੰਦੇ ਸਨ ਜੋ ਸਫ਼ਰ ਤੇ ਟੁਰਨ ਤੋਂ ਪਹਿਲਾਂ ਵੀ ਪੰਜ ਛੀ ਛੀ ਘੰਟੇ ਕੀਰਤਨ ਕਰਦੇ, ਬੱਸ ਵਿਚ ਵੀ ਕੀਰਤਨ ਕਰਨ ਲਗ ਪੈਂਦੇ ਅਤੇ ਨਵੀਂ ਥਾਂ ਤੇ ਪਹੁੰਚ ਕੇ ਮੁੜ ਕੀਰਤਨ ਵਿਚ ਜੁੱਟ ਜਾਂਦੇ ਤੇ ਰੈਣ-ਸਬਾਈਆਂ ਦੀਆਂ ਡਿਊਟੀਆਂ ਨਿਭਾਉਂਦੇ। ਗੰਭੀਰ ਵੀਰ ਪ੍ਰੀਤਮ ਸਿੰਘ ਚਾਨੀ ਦੀ ਸੇਵਾ ਇਸ ਪੱਖ ਤੋਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਆਪ ਸਾਰੀ ਰੈਣ-ਸਬਾਈ ਇਕੋ ਹੀ ਬੈਠਕ ਵਿਚ ਇਕੱਲਿਆਂ ਜੋੜੀ ਵਜਾਉਂਦੇ ਸਨ ਅਤੇ ਨਾਲ ਨਾਲ ਆਪਣੀ ਮਧੁਰ ਪਰ ਨਿਵੇਕਲੀ ਸੁਰ ਵਿਚ ਕੀਰਤਨ ਵੀ ਕਰਦੇ ਰਹਿੰਦੇ, ਥਕਾਨ, ਨੀਂਦਰ ਤੇ ਆਲਸ ਆਪ ਦੇ ਨੇੜੇ ਨਹੀਂ ਫਟਕਦੀ ਸੀ। ਇਸੇ ਤਰ੍ਹਾਂ ਭਾਈ ਸਾਹਿਬ ਅਜੀਤ ਸਿੰਘ ਲੁਧਿਆਣਾ, ਜੋ ਅੰਮ੍ਰਿਤ-ਸੰਚਾਰ ਸਮਾਗਮ ਦੇ ਜ਼ਿੰਮੇਵਾਰ ਸਨ ਅਤੇ ਭਾਈ ਮਨੋਹਰ ਸਿੰਘ ਜੀ ਜੋ ਲੰਗਰ ਦੇ ਇੰਚਾਰਜ ਸਨ, ਆਪੋ ਆਪਣੀਆਂ ਡਿਊਟੀਆਂ ਨੂੰ ਨਿਭਾਉਂਦੇ ਹੋਏ ਮੁੜ ਕੀਰਤਨੀ ਸਾਥੀਆਂ ਨਾਲ ਆ ਰਲਦੇ ਸਨ।

ਜਿਨ੍ਹਾਂ ਸੱਜਣਾਂ ਦੇ ਨਾਂ ਇਥੇ ਵਰਣਨ ਨਹੀਂ ਹੋ ਸਕੇ, ਇਸ ਗੁਰੂ ਸੇਵਾ ਵਿਚ ਉਹਨਾਂ ਨੇ ਵੀ ਹਿਸਾ ਪਾਇਆ ਹੈ। ਆਪੋ ਆਪਣੀ ਥਾਵਾਂ ਤੇ ਸਭ ਧੰਨਤਾ ਦੇ ਪਾਤਰ ਹਨ।

ਇਸ ਕੀਰਤਨ ਦੇ ਪ੍ਰਤਾਪ ਸਦਕੇ ਹੀ ਸਾਰੀ ਮਿਸ਼ਨਰੀ ਸੇਵਾ ਨਿਰਵਿਘਨਤਾ ਸਹਿਤ ਸਮਾਪਤ ਹੋਈ ਤੇ ਸਭ ਰਾਜ਼ੀ ਖੁਸ਼ੀ ਵਾਹਿਗੁਰੂ ਵਾਹਿਗੁਰੂ ਕਰਦੇ ਵਾਪਸ ਆਪਣੇ ਅਸਥਾਨਾਂ ਤੇ ਪਹੁੰਚੇ ਅਤੇ ਇਸ ਤਰ੍ਹਾਂ ਇਹ ਆਪਣੀ ਕਿਸਮ ਦਾ ਪਹਿਲਾ ਮਿਸ਼ਨਰੀ ਕੀਰਤਨ-ਟੂਰ ਦਾ ਸਫ਼ਲ ਤਜਰਬਾ ਹੈ।

## ਕੁਰਾਲੀ ਵਿਖੇ ਰੈਣ ਸਬਾਈ ਕੀਰਤਨ

ਭਾਈ ਹਰਭਜਨ ਸਿੰਘ ਜੀ ਨਰਿੰਦਰਾ ਮੈਟਲ ਸਟੋਰ ਕੁਰਾਲੀ ਤੋਂ ਸੂਚਨਾ ਦੇਂਦੇ ਹਨ, ਕਿ ੨੮-੧੧-੭੦ ਦਿਨ ਸਨੀਚਰਵਾਰ ਸ਼ਾਮ ਦੇ ੮-੩੦ ਵਜੇ ਆਪਣੇ ਗ੍ਰਹਿ ਵਿਖੇ ਰੈਣ ਸਬਾਈ ਕੀਰਤਨ ਹੋ ਰਿਹਾ ਹੈ ਜਿਸ ਵਿਚ ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਚੰਡੀਗੜ੍ਹ, ਖਰੜ, ਬਸੀ ਪਠਾਣਾਂ, ਪਟਿਆਲਾ, ਨੰਗਲ ਟਾਊਨ ਤੋਂ ਪੁਜ ਕੇ ਗੁਰੂ ਜਸ ਦੀਆਂ ਘੁਮਰਾਂ ਪਾਉਣਗੇ ਇਸ ਲਈ ਗੁਰ ਸੰਗਤ ਮਾਈ ਭਾਈ ਸਮਾਗਮ ਵਿਚ ਪੁਜ ਕੇ ਗੁਰੂ ਜਸ ਸਰਵਣ ਕਰਕੇ ਆਪਣਾ ਜਨਮ ਸਫਲਾ ਕਰਨ ਗੁਰੂ ਜਸ ਦੇ ਲਾਹੇ ਲੈਣ।

### ਪ੍ਰੋਗਰਾਮ

ਸਨੀਚਰਵਾਰ ੨੮-੧੧-੭੦ ਸ਼ਾਮ ਦੇ ੮.੩੦ ਵਜੇ ਕੀਰਤਨ ਰੈਣ ਸਬਾਈ ਆਰੰਭ

ਐਤਵਾਰ ੨੯-੧੧-੭੦ ਸਵੇਰੇ ੫ ਵਜੇ ਸਮਾਪਤੀ

ਐਤਵਾਰ ੨੯-੧੧-੭੦ ਸਵੇਰੇ ਸਵਾ ਪੰਜ ਵਜੇ ਸ੍ਰੀ ਆਸਾ ਜੀ ਦੀ ਵਾਰ ਆਰੰਭ : ਗੁਰਦਵਾਰਾ ਸ੍ਰੀ ਹਰਿਗੋਬਿੰਦ ਸਾਹਿਬ ਜੀ, ਮੁਰਿੰਡਾ ਰੋਡ, ਕੁਰਾਲੀ।

ਐਤਵਾਰ ੨੯-੧੧-੭੦ ਸਵੇਰੇ ਸਾਢੇ ੯ ਵਜੇ ਸਮਾਪਤੀ।

ਦਾਸਰੇ—ਹਰਭਜਨ ਸਿੰਘ, ਮਾਂਹਬੀਰ ਕੌਰ

www.AKJ.Org

# ਪੰਡਤ ਮਾਨ ਸਿੰਘ ਸ਼ਾਸਤ੍ਰੀ ਦੀ ਕਹਾਣੀ

ਵਲੋਂ :
ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ

*

ਇਕ ਵਾਰ ਦਾ ਜ਼ਿਕਰ ਹੈ ਕਿ ਨਾਰੰਗਵਾਲ ਬੁੰਗੇ ਵਿਚ ਪ੍ਰਕਾਸ਼ ਕੀਤੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅੰਮ੍ਰਿਤ ਵੇਲੇ ਬੈਠਾ ਹੋਇਆ ਇਹ ਦਾਸਰਾ ਨਾਮ ਅਭਿਆਸ ਕਮਾਈ ਕਰ ਰਿਹਾ ਸੀ, ਕਿ ਦਿਨ ਚੜ੍ਹਦੇ ਹੀ ੨੫-੩੦ ਸਿੰਘਾਂ ਦਾ ਇਕ ਦਰਸ਼ਨ ਦੀਦਾਰੀ ਜਥਾ ਆਏ ਨਮੂਦਾਰ ਹੋਇਆ, ਆਉਂਦੇ ਹੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਗੇ ਮੱਥਾ ਟੇਕ ਕੇ ਸਜ ਗਏ ਉਹਨਾਂ ਵਿਚੋਂ ਇਕ ਸਿੰਘ ਬੜੇ ਹੀ ਖਾਲਸਈ ਜਬਹੇ ਵਾਲਾ ਅਤੇ ਖੁਲ੍ਹੇ ਦਾੜ੍ਹੇ ਵਾਲਾ ਦੀਦਾਰੀ ਸਿੰਘ ਸੀ, ਇਸ ਜਥੇ ਨੂੰ ਵੇਖਦੇ ਹੀ ਦਾਸ ਨੇ ਬੜੇ ਆਦਰ ਦੇ ਨਾਲ ਸਭ ਨੂੰ ਫ਼ਤਹ ਗਜਾ ਕੇ ਅਤੇ ਖਲੋ ਕੇ ਬੇਨਤੀ ਕੀਤੀ ਕਿ ਅੰਮ੍ਰਿਤ ਵੇਲੇ ਹੀ ਬੜੀ ਕ੍ਰਿਪਾ ਹੋਈ ਹੈ ਆਪ ਸਿੰਘਾਂ ਨੇ ਦੀਦਾਰ ਦੇ ਕੇ ਨਿਹਾਲ ਕੀਤਾ ਹੈ, ਦਾਸ ਦਾ ਦੁਖ ਦਲਿਦਰ ਸਭ ਕਾਫ਼ੂਰ ਹੋ ਗਿਆ ਹੈ, ਦਾਸ ਨੂੰ ਦਾਸ ਗੋਚਰੀ ਕੋਈ ਸੇਵਾ ਦਸੋ ਜਿਸ ਦੇ ਕਰਨ ਵਿਚ ਮੈਂ ਤਤਪਰ ਹੋ ਜਾਵਾਂ, ਇਹਨਾਂ ਵਿਚੋਂ ਜਥੇ ਵਾਲਾ, ਦੀਦਾਰੇ ਵਾਲਾ ਜਥੇਦਾਰ ਸਿੰਘ ਬੋਲਿਆ ਕਿ ਜਿਸ ਸੇਵਾ ਲਈ ਆਏ ਹਾਂ, ਬਸ, ਉਹ ਹੀ ਸੁਣ ਲਵੋ, ਹੋਰ ਸੇਵਾ ਦੀ ਕੋਈ ਲੋੜ ਨਹੀਂ, ਦਾਸ ਨੇ ਸਨਿਮਰ ਬੇਨਤੀ ਕੀਤੀ ਕਿ ਉਹ ਸੇਵਾ ਭੀ ਪਿਛੋਂ ਕਰੀ ਸੁਣੀ ਜਾਏਗੀ ਪਹਿਲਾਂ ਆਪ ਛਕਣ ਛਕਾਉਣ ਵਾਲੀ ਸੇਵਾ ਦਸੋ, ਕੀ ਕਰੀਏ, ਜਿਸ ਨੂੰ ਕਰ ਕੇ ਅਸੀਂ ਕ੍ਰਿਤਾਰਥ ਹੋ ਸਕੀਏ, ਉਹਨਾਂ ਬਚਨ ਕੀਤਾ ਕਿ ਗਫੇ ਤਾਂ ਅਸੀਂ ਸਾਰੇ ਹੀ ਲਾ ਕੇ ਆਏ ਹਾਂ ਅਤੇ ਭਰਪੂਰ ਹੋ ਕੇ ਆਏ ਹਾਂ, ਵਿਚੋਂ ਹੀ ਗਲ ਟੁਕ ਕੇ ਦਾਸ ਨੇ ਪੁਛਿਆ ਕਿ ਏਤਨੇ ਸਵੇਰੇ ਹੀ ਗਫੇ ਆਪ ਕਿਥੋਂ ਲਾ ਆਏ ਉਹਨਾਂ ਨੇ ਉਸ ਵਕਤ ਇਹ ਉਤਰ ਦਿਤਾ ਕਿ ਅਸੀਂ ਕੁਟੀਆਂ ਤੋਂ ਸਭ ਕੁਛ ਛਕ ਕੇ ਆਏ ਹਾਂ, ਰਾਤ ਅਸੀਂ ਸਭ ਕੁਟੀਆਂ ਵਿਚ ਹੀ ਰਹੇ ਸਾਂ। (ਸਾਡੇ ਪਿੰਡ ਨਾਰੰਗਵਾਲ ਤੋਂ ਬਾਹਰ ਕੁਝ ਬੁਤ ਬਣੇ ਹੋਏ ਹਨ ਉਸ ਦੇ ਉਦਾਲੇ ਛਪਾਲੇ ਰਹਿਣ ਵਾਲੇ ਬੁਤ ਪ੍ਰਸਤੀ ਦੀਆਂ ਜੋ ਝੁੱਗੀਆਂ ਹਨ ਉਹ ਕੁਟੀਆਂ ਦੇ ਨਾਮ ਤੋਂ ਮਸ਼ਹੂਰ ਹਨ) ਇਹ ਬਚਨ ਸੁਣ ਕੇ ਮੈਂ ਬੈਠ ਗਿਆ ਅਤੇ ਦਾਸ ਨੇ ਦੂਜਾ ਸਵਾਲ ਇਹ ਕੀਤਾ ਕਿ ਆਪ ਰਾਤੀਂ ਨਾਰੰਗਵਾਲ ਦੀਆਂ ਕੁਟੀਆਂ ਵਿਖੇ ਰਹੇ ਹੋ ਤੇ ਏਦੂੰ ਪਿਛਲੀ ਰਾਤ ਆਪ ਪਿੰਡ ਰਾਇਪੁਰ ਦੇਵੀ ਪੁਰੀ ਸਾਧ ਦੇ ਡੇਰੇ ਰਹੇ ਹੋਵੋਗੇ, ਸੁਣਕੇ ਉਹਨਾਂ ਨੇ ਕਿਹਾ ਹਾਂ, ਬਿਲਕੁਲ ਠੀਕ ਹੈ। ਅਸੀਂ ਸਾਰੇ ਪਿਛਲੀ ਰਾਤ ਦੇਵੀ ਪੁਰੀ ਸਾਧੂ ਦੇ ਡੇਰੇ ਹੀ ਰਹੇ ਸਾਂ ਅਤੇ ਉਥੇ ਹੀ ਇਸ਼ਨਾਨ ਕੀਤਾ ਸੀ ਅਤੇ ਖਾਣ ਪੀਣ ਕੀਤਾ ਸੀ, ਉਹਨਾਂ ਦੀ ਇਹ ਗਲ ਸੁਣ ਕੇ ਦਾਸ ਆਪਣੇ ਦਿਲੋਂ ਖਾਲਸਈ ਸਪਿਰਟ ਤੇ ਗੁਸੇ ਵਿਚ ਜ਼ਰਾ ਸਖਤੀ ਨਾਲ ਬੋਲਿਆ ਕਿ ਤੁਸੀਂ ਦੇਖਣ ਪਾਖਣ ਨੂੰ ਗੁਰੂ ਦਸਮੇਸ਼ ਜੀ ਦੇ ਘਰ ਦੇ ਸੁਜੀਲੇ ਅਤੇ ਤਿਆਰ ਬਰ ਤਿਆਰ ਸਿੰਘ ਪ੍ਰਤੀਤ ਹੁੰਦੇ ਹੋ ਪਰ ਗਲ ਬੜੀ ਹੀ ਅਯੋਗ ਹੈ ਕਿ 'ਜਾ ਕਾ ਠਾਕਰਿ ਊਚਾ ਹੋਈ। ਸੋ ਜਨ ਪਰ ਘਰ ਜਾਤ ਨਾ ਸੋਹੀ।' ਤੁਸੀਂ ਏਡੇ ਸਤਿਗੁਰੂ ਨਾਨਕ ਦਸਮੇਸ਼ ਦੇ ਸੇਵਕ ਹੋ ਕੇ ਇਹਨਾਂ ਅਨਮਤੀ ਭੇਖੀਆਂ ਦੇ ਡੇਰੇ ਕੀ ਖੇਹ ਛਾਨਣ ਗਏ ਸੀ 'ਉਥੇ ਗਏ ਰਹੇ ਤੁਸੀਂ' ਸੋ ਮੈਨੂੰ ਇਹ ਸੁਣਕੇ ਬੜੀ ਸ਼ਰਮ ਆਉਂਦੀ ਹੈ, ਇਹ ਗਲ ਸੁਣਕੇ ਉਹ ਜਥੇਦਾਰ ਸਿੰਘ ਨਿਝਕ ਹੋਕੇ ਬੋਲਿਆ ਕਿ ਸਿੰਘ ਸਾਹਿਬ ਜੀ ਭਾਵੇਂ ਛਡੋ ਅਸੀਂ ਗਏ ਜ਼ਰੂਰ ਸਾਂ ਇਹਨਾਂ ਦੋਹਾਂ ਥਾਵਾਂ ਤੇ ਨਹੀਂ ਬਲਕਿ ਅਨੇਕਾਂ ਅਜੇਹੇ ਥਾਵਾਂ ਤੇ ਘੁੰਮਦੇ ਆਏ ਹਾਂ ਆਪ ਪੁਛੋਗੇ ਕਿਉਂ ਸੋ ਉਸ ਦਾ ਉਤਰ ਸੁਣ ਲੌ:—ਆਪ ਦੇ ਪਾਸ ਗੁਰੂ ਗ੍ਰੰਥ ਸਾਹਿਬ ਜੀ ਦੇ ਹਾਜ਼ਰਾ ਹਜ਼ੂਰ ਸਚੋ ਸਚ



www.AKJ.Org

ਹੀ ਦਸਦਾ ਹਾਂ ਦਾਸ ਦਾ ਨਾਮ (ਸ਼ਾਇਦ ਆਪ ਨੇ ਸੁਣਿਆ ਹੋਵੇ) ਮਾਨ ਸਿੰਘ ਹੈ ਮੈਂ ਨਿਰਮਲਾ ਹਾਂ ਮੇਰੇ ਭੇਖ ਤੇ ਨ ਭਿਜੋ, ਮੈਂ ਬੜਾ ਸਭਾ-ਜਿੱਤ ਕਹੌਂਦਾ ਹਾਂ ਕਨਖਲ ਆਦਿਕ ਹਿੰਦੂ ਤੀਰਥਾਂ ਉਤੇ ਹੀ ਘੁਮਦਾ ਰਹਿੰਦਾ ਹਾਂ ਮੇਰੇ ਸਾਹਮਣੇ ਬਹਿਸ ਵਿਚ ਕੋਈ ਨਹੀਂ ਅੜਿਆ, ਬੜੇ ੨ ਮਤਾਂ ਦੇ ਉਘੇ ਪੰਡਤਾਂ ਨੇ ਮੇਰੇ ਨਾਲ ਬਹਿਸ ਕੀਤੀ ਅਤੇ ਸਭ ਨੂੰ ਮੈਂ ਹਾਰ ਦਿਤੀ, ਸਨਾਤਨ ਧਰਮੀਆਂ, ਆਰੀਅ ਸਮਾਜੀਆਂ ਗਲ ਕੀ ਸਭ ਮਤ ਮਤਾਂਤਰਾਂ ਦੇ ਵਡੇ ੨ ਬਹਿਸ ਕਰਨ ਵਾਲਿਆਂ ਨੂੰ ਮੈਂ ਬਹਿਸ ਕਰਨ ਵਿਚ ਹਰਾ ਲਿਆ ਮੇਰੇ ਸਿਕੇ ਨੂੰ ਹਰ ਕੋਈ ਮੰਨਦਾ ਹੈ, ਮੈਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਭੀ ਸ਼ੁਧ ਅਖੰਡ ਪਾਠੀ ਹਾਂ, ਮੇਰੇ ਸਾਰਖਾ ਕੋਈ ਅਖੰਡ ਪਾਠ ਨਹੀਂ ਕਰ ਸਕਦਾ ਨਾਹੀਂ ਬਾਣੀ ਪੜ੍ਹ ਸਕਦਾ ਹੈ, ਗੁਰਬਾਣੀ ਦੀ ਕਥਾ ਕਰਨ ਵਿਚ ਮੈਂ ਪਰਬੀਨ ਹਾਂ, ਇਹ ਸਾਰੇ ਹੀ ਮੇਰੇ ਨਾਲ ਚੋਵੀ, ਪੱਚੀ ਵਿਦਿਆਰਥੀ ਬੈਠੇ ਹਨ, ਅਜੇਹੇ ਵਿਦਿਆਰਥੀਆਂ ਦੇ ਪੂਰਾਂ ਦੇ ਪੂਰ ਸੈਂਕੜੇ ਵਿਦਿਆਰਥੀਆਂ ਨੂੰ ਕਥਾ ਸਿਖਾ ਸਿਖਾ ਕੇ ਮੈਂ ਆਇਆ ਹਾਂ ਆਪ ਸਚ ਕਰ ਕੇ ਜਾਣੋ ਕਿ ਮੈਨੂੰ ਹਰ ਪਰਕਾਰ ਦੀ ਗੁਰਮਤਿ ਤੇ ਹੋਰ ਵਿਦਿਆ ਉਤੇ ਬੜਾ ਮਾਣ ਹੈ ਪਰ ਇਨੇ ਮਾਣ ਦੇ ਹੁੰਦਿਆਂ ਤੇ ਏਤਨੀਆਂ ਪੜ੍ਹਾਈਆਂ ਦਾ ਪੜ੍ਹਾਕੂ ਹੁੰਦਿਆਂ ਹੋਇਆਂ ਭੀ ਮੈਂ ਅੰਦਰੋਂ ਸਖਣਾ ਹਾਂ ਮੈਂ ਸਚੀ ਸ਼ਾਂਤੀ ਨੂੰ ਪ੍ਰਾਪਤ ਨਹੀਂ ਹੋਇਆ, ਸਮਗੁਰ ਗੁਰਬਾਣੀ ਜਿਸ ਨਾਮ ਨੂੰ ਦ੍ਰਿੜਾਉਂਦੀ ਹੈ ਉਹ ਗੁਰਮਤਿ ਨਾਮ ਮੈਨੂੰ ਉਕਾ ਹੀ ਪ੍ਰਾਪਤਿ ਨਹੀਂ ਹੋਇਆ ਹੁਣ ਮੈਂ ਆਪਣੇ ਅੰਦਰ ਦੀ ਹਾਲਤ ਨੂੰ ਵਿਚਾਰ ਕੇ ਤੇ ਲੂਹਰੀਆਂ ਲੈ ਕੇ ਇਸ ਅੰਦਰਲੀ ਗੁਪਤ ਸ਼ਾਂਤ ਨੂੰ ਪ੍ਰਾਪਤ ਕਰਨ ਲਈ ਜੋ ਕੇਵਲ ਗੁਰਮਤਿ ਦੁਆਰਾ ਹੀ ਪ੍ਰਾਪਤ ਹੁੰਦੀ ਹੈ ਆਪਣੇ ਮੁਕਾਮ ਧਾਮ ਤੋਂ ਚੜ੍ਹਿਆ ਹਾਂ ਕਿ ਜਿਥੇ ਭੀ ਇਹ ਸ਼ਾਨਤੀ ਮਿਲੇ ਤੇ ਗੁਰਮਤਿ ਨਾਮ ਪ੍ਰਾਪਤ ਹੋਵੇ ਉਥੋਂ ਹੀ ਇਹ ਪ੍ਰਾਪਤੀ ਕਰ ਕੇ ਛਡਣੀ ਹੈ ਭਾਵੇਂ ਕਿਤੋਂ ਹੋਵੇ, ਏਸ ਨਮਿਤ ਮੈਂ ਕਿਸੇ ਭੀ ਸਾਧ ਸੰਤ ਨੂੰ ਨਹੀਂ ਛਡਿਆ, ਕਿਸੇ ਭੀ ਭੇਖ ਧਾਰੀ ਡੇਰੇ ਤੇ ਜਾਣ ਤੋਂ ਸੰਕੋਚ ਨਹੀਂ ਕੀਤੀ, ਨਾਮਧਾਰੀ ਕਹੌਤੀ ਨਿਰੰਕਾਰੀ, ਨਿਰੰਕਾਰੀ, ਰਾਧਾ ਸਵਾਮੀ ਆਦਿਕ ਜਿਥੇ ਭੀ ਕੋਈ ਉਘਾ ਸਾਧ ਸੰਤ ਸੁਣਿਆ ਉਥੇ ਹੀ ਮੈਂ ਪਹੁੰਚਿਆ ਵਿਚੋਂ ਹੀ ਉਸ ਦੀ ਗਲ ਟੁਕ ਕੇ ਮੈਂ ਆਖਿਆ ਉਥੇ ਭੀ ਤੂੰ ਖਜਲ ਖੁਆਰ ਹੀ ਹੋਇਆ ਪ੍ਰਾਪਤੀ ਕੀ ਹੋਈ। ਉਤਰ ਵਿਚ ਮਾਨ ਸਿੰਘ ਨੇ ਕਿਹਾ ਕਿ ਪ੍ਰਾਪਤੀ ਕੀ ਹੋਈ, ਕੁਝ ਭੀ ਨਹੀਂ ਹੋਈ, ਮੇਰੀ ਅੰਦਰਲੀ ਤਪਤ ਅਸ਼ਾਂਤੀ ਤਪਤ ਦੂਰ ਨਹੀਂ ਹੋਈ ਹਰ ਇਕ ਭੇਖੀ ਸਾਧ ਸੰਤ ਨੇ ਜਿਸ ਦੇ ਪਾਸ ਮੈਂ ਗਿਆ (ਆਪ ਦੇ ਬਚਨਾਂ ਮੁਤਾਬਕ) ਮੈਂ ਖਜਲ ਖੁਆਰ ਹੋਇਆ, ਆਪੋ ਆਪਣੇ ਮਤ ਆਪਣਾ ਮੰਤਰ ਫੂਕਣੋਂ ਸੰਕੋਚ ਨਹੀਂ ਕੀਤਾ ਅਤੇ ਮੈਂ ਲੈਣੋਂ ਸੰਕੋਚ ਨਹੀਂ ਕੀਤਾ, ਪਰ ਮੇਰਾ ਬਣਿਆ ਕੁਛ ਨਹੀਂ, ਇਸ ਪਰ ਦਾਸ ਨੇ ਆਖਿਆ ਕਿ ਜੇ ਤੇਰਾ ਕੁਝ ਨਹੀਂ ਬਣਿਆ ਤਾਂ ਇਹਨਾਂ ਮਸੂਮ ਜ਼ਿੰਦੜੀਆਂ ਨੂੰ ਤੈਂ ਆਪਣੇ ਵਿਦਿਆਰਥੀ ਬਣਾਇਆ ਹੋਇਆ ਹੈ ਇਹਨਾਂ ਨੂੰ ਕਥਾ, ਕਹਾਣੀ ਸਿਖਾ ਕੇ ਉਕੇ ਫੱਕੜ ਗਿਆਨੀ ਬਣਾਉਣ ਡਿਹਾ ਹੈਂ, ਇਹਨਾਂ ਨੂੰ ਤੂੰ ਕਿਉਂ ਖਜਲ ਖੁਆਰ ਕਰਦਾ ਹੈਂ। ਇਸ ਗਲ ਨੂੰ ਜਾਣਦਿਆਂ ਹੋਇਆਂ ਕਿ ਤੂੰ ਆਪ ਖੁਦ ਅੰਦਰੋਂ ਸਖਣਾ ਹੈਂ ਇਹਨਾਂ ਮਸੂਮ ਜ਼ਿੰਦੜੀਆਂ ਨੂੰ ਖਾਹ-ਮੁਖਾਹ ਖਜਲ ਖੁਆਰ ਕਰਨ ਦਾ ਕਿਉਂ ਚਸਕਾ ਪਿਆ ਹੋਇਆ ਹੈ, ਤੂੰ ਜਾਹ ਏਥੋਂ ਹੀ ਪਿਛਾਂਹ ਮੁੜ ਜਾ ਹੋਰ ਖਜਲ ਖੁਆਰ ਨਾ ਹੋ। ਜਿਹੜੇ ਪੂਰਾਂ ਦੇ ਪੂਰ ਵਿਦਿਆਰਥੀਆਂ ਨੂੰ ਤੈਂ ਫੋਕੀਆਂ ਪੜ੍ਹਾਈਆਂ ਪੜ੍ਹਾ ਕੇ ਅਤੇ ਨਿਗੁਣੀਆਂ ਕਥਾਵਾਂ ਸਿਖਾ ਸਿਖਾ ਕੇ ਘਰਾਂ ਤੋਂ ਬੇਘਰ ਕੀਤਾ ਹੈ ਉਹਨਾਂ ਨੂੰ ਆਪਣੇ ਆਪਣੇ ਘਰੀਂ ਜਾ ਬਠਾਇ ਆ, ਫੇਰ ਤੂੰ ਇਕਲਾ ਹੀ ਆਈਂ ਤੇਰੀ ਹਾਲਤ ਤੇ ਰਹਿਮ ਕਰਕੇ ਇਸ ਗਲ ਦਾ ਇਕਰਾਰ ਤੇਰੇ ਨਾਲ ਪਕਾ ਕਰਦੇ ਹਾਂ ਕਿ ਨਾਮ ਅਭਿਆਸੀ ਜੋਤ ਵਿਗਾਸੀ ਪੰਜਾਂ ਪਿਆਰਿਆਂ ਦਾ ਪੁੰਜ ਤੇਰੇ ਲਈ ਤਿਆਰ ਰਖਾਂਗੇ ਜਿਨਾਂ ਗੁਰੂ ਸਰੂਪ ਪੰਜਾਂ ਪਿਆਰਿਆਂ ਕੋਲੋਂ ਗੁਰ-ਦੀਖਿਆ ਲੈਂਦੇ ਸਾਰ ਹੀ ਤੇਰੀ ਸ਼ਾਂਤ ਕਲਿਆਣ ਹੋ



www.AKJ.Org

ਜਾਵੇਗੀ ਕਿਉਂਕਿ ਇਸ ਘੋਰ ਕਲਜੁਗੀ ਪਹਿਰੇ ਅੰਦਰ ਦਸਮੇਸ਼ ਪਿਤਾ ਜੀ ਨੇ ਜੋਤ ਕਲਿਆਣੀ ਸਚੀ ਗੁਰਦੀਖਿਆ ਦੇ ਵਿਖਾਉਣ ਦਾ ਗੁਰੂ ਸਰੂਪ ਮਰਤਬਾ ਪੰਜਾਂ ਪਿਆਰਿਆਂ ਨੂੰ ਦੇ ਦਿਤਾ ਹੈ ਹੋਰ ਭਾਵੇਂ ਕੋਈ ਕਿਤਨਾ ਹੀ ਵਡੇ ਤੋਂ ਵਡਾ ਭੇਖ ਧਾਰੀ ਸੰਤ ਕਹਾਉਂਦਾ ਫਿਰੇ ਉਹ ਇਕੱਲਾ ਗੁਰਦੀਖਿਆ ਨਹੀਂ ਦੇ ਸਕਦਾ ਅਤੇ ਨਾ ਕਲਿਆਣਕਾਰੀ ਹੋ ਸਕਦੀ ਹੈ; ਇਹ ਬਿਲਾਸ ਸੁਣ ਕੇ ਸਤ ਬਚਨ ਆਖ ਕੇ ਪਿਛੇ ਮੁੜਨ ਨੂੰ ਤਤਪਰ ਹੀ ਤਿਆਰ ਹੋ ਗਿਆ ਤੇ ਕਹਿਣ ਲਗਾ ਮੇਰੇ ਧਨ ਭਾਗ ਹਨ, ਮੈਂ ਏਥੇ ਪੁਜਾ, ਬਚਨ ਤੁਹਾਡੇ ਭਾਵੇਂ ਕੋਦੇ ਕਰਾਰੇ ਅਤੇ ਸਖਤ ਹਨ ਪਰ ਬੜੇ ਪਿਆਰੇ ਲਗਦੇ ਹਨ। ਮੈਂ ਹਾਲੋਂ ਪਤਾ ਨਹੀਂ ਕਿਥੇ ਜਾ ਜਾ ਕੇ ਖਜਲ ਖੁਆਰ ਹੋਣਾ ਸੀ ਮੈਂ ਹੁਣ ਅਗਾਂਹ ਹੋਰ ਕਿਤੇ ਨਹੀਂ ਜਾਵਾਂਗਾ ਆਪ ਦੇ ਕਹੇ ਅਨੁਸਾਰ ਪੂਰਾਂ ਦੇ ਪੂਰ ਮਾਸੂਮ ਜਿੰਦੜੀਆਂ ਦੀ ਬਰਕਰਾਰੀ ਕਰਨ ਦਾ ਪੂਰਾ ਪੂਰਾ ਜਤਨ ਕਰਾਂਗਾ ਅਤੇ ਗਡੀਆਂ ਦੀਆਂ ਗਡੀਆਂ ਜਿਹੜੀਆਂ ਪੁਸਤਕਾਂ ਮੈਂ ਲਈ ਫਿਰਦਾ ਹਾਂ ਉਹ ਸਭ ਵਾਪਸ ਦੇ ਆਵਾਂਗਾ ਤਾਂ ਕਿ ਮੇਰਾ ਸਭਾ ਜੀਤ ਹੋਣ ਦਾ ਕੂੜਾਵਾ ਮਾਣ ਉਕਾ ਹੀ ਮੁਕ ਠੁਕ ਜਾਵੇ। ਦੋ ਤਿੰਨ ਸਾਲ ਤਾਈਂ ਅਸੀਂ ਉਸ ਨੂੰ ਬਹੁਤ ਉਡੀਕਿਆ ਪਰ ਉਹ ਬੌਹੜਿਆ ਨਹੀਂ ਪਿਛੋਂ ਪਤਾ ਲਗਾ ਕਿ ਉਹ ਚੜ੍ਹਾਈਆਂ ਕਰ ਗਿਆ ਹੈ, ਹੁਣ ਤਾਂ ਅਗਲੇ ਜਨਮ ਵਿਚ ਹੀ ਉਸ ਦਾ ਨਿਸਤਾਰਾ ਹੋਵੇਗਾ। ਇਹੋ ਜੇਹੇ ਲੇਖ ਲਿਖ ਕੇ ਪੜ੍ਹਨ ਵਾਲੇ ਕੇਤੇ ਹੀ ਪੜ੍ਹ ਪੜ੍ਹ ਕੇ ਕੜ੍ਹ ਕੜ੍ਹ ਕਰਕੇ ਚਲੇ ਗਏ, ਲਿਖ ਲਿਖ ਪੜ੍ਹਿਆ ਤੇਤਾ ਕੜ੍ਹਿਆ ਵਾਲੀ ਹਉਮੈਂ ਮਈ ਝਾਖ ਨੂੰ ਝਖ ਝਖ ਕੇ ਜਾਂਦੇ ਲਗੇ, ਇਸ ਸਾਰੇ ਗੁਰਵਾਕ ਅੰਦਰ ਗੁਰੂ ਸਾਹਿਬ ਨੇ ਕਰਮ ਕਾਂਡ ਤੇ ਹੌਮੈਂ ਵਾਲੇ ਭੇਖ ਨੂੰ ਭੰਡਿਆ ਹੈ ਬਹੁਤੇ ਤੀਰਥਾਂ ਤੇ ਭਾਲਣ ਵਾਲੇ ਅਤੇ ਤੀਰਥੀਂ ਭਵ ਭਵ ਕੇ ਬਹੁਤਾ ਬੋਲਣ ਵਾਲੇ, ਤੇ ਬਹੁਤਾ ਭੇਖ ਕਰ ਕੇ ਦੇਹੀ ਨੂੰ ਦੁਖ ਦੇਣ ਵਾਲੇ ਪਾਖੰਡੀਆਂ ਨੂੰ ਖੂਬ ਦਾਖੂ ਦਾਣੇ ਦਿਤੇ ਹਨ ਆਪਣਾ ਕੀਤਾ ਕਮਾਉਣ ਅਤੇ ਪਾਉਣਗੇ, ਅੰਨ ਨਾ ਖਾਣ ਵਾਲੇ ਅਤੇ ਅੰਨ ਨਾ ਖਾ ਕੇ ਸਵਾਦ ਗਵਾਣ ਵਾਲੇ ਭੇਖੀਆਂ ਨੂੰ ਭੀ ਗੁਰੂ ਸਾਹਿਬ ਨੇ "ਬਹੁ ਦੁਖ ਪਾਇਆ ਦੂਜਾ ਭਾਇਆ" ਦੇ ਗੁਰਵਾਕ ਦੀ ਸੱਟ ਮਾਰੀ ਹੈ, ਗੁਰਮਤਿ ਨੂੰ ਛਡ ਕੇ ਸਭ ਲੁਕਾਈ ਦੂਜੇ ਭਾਵ ਦੀ ਉਪਾਸ਼ਨਾ ਵਿਚ ਖਚਤ ਹੋ ਕੇ ਦੁਖੀ ਹੋਈ ਫਿਰਦੀ ਹੈ ਜਿਹੜੇ ਪਾਖੰਡੀ ਬਸਤਰ ਨਹੀਂ ਪਹਿਨਦੇ ਅਤੇ ਨੰਗੇ ਹੀ ਰਹਿੰਦੇ ਹਨ, ਉਹਨਾਂ ਉਤੇ ਦਿਨ ਰਾਤ ਕਹਿਰ ਕਸ਼ਟ ਹੀ ਵਰਤਦਾ ਰਹਿੰਦਾ ਹੈ, ਜੇਹੜੇ ਮੋਨਧਾਰੀ ਕੂੜਾਵੀ ਪਾਖੰਡ ਸਮਾਧੀ ਲਾਉਣ ਵਿਚ ਖੁਆਰ ਰਹਿੰਦੇ ਹਨ ਉਨਾਂ ਨੂੰ ਸਪਸ਼ਟ ਦਸਿਆ ਗਿਆ ਹੈ ਕਿ 'ਮੋਨਿ ਵਿਗੂਤਾ ਕਿਉ ਜਾਗੈ ਗੁਰ ਬਿਨ ਸੂਤਾ' ਦੇ ਵਾਕ ਅਨੁਸਾਰ ਕਦੇ ਭੀ ਗੁਰੂ ਬਾਝੋਂ ਨਿਸ਼ਤਾਰਾ ਨਹੀਂ ਹੋ ਸਕਦਾ, ਜੁਗਾਂ ਜੁਗੰਤ੍ਰਾਂ ਦੇ ਸੁਤੇ ਹੋਏ, ਉਹ ਗੁਰੂ ਬਾਝੋਂ ਕਦੇ ਭੀ ਜਾਗ ਸੁਜਾਗੇ ਨਹੀਂ ਹੋ ਸਕਦੇ, ਨੰਗੇ ਪੈਰੀਂ ਫਿਰਨ ਵਾਲੇ ਅਤੇ ਭਖ ਅਭਖ ਖਾਣ ਵਾਲੇ ਤੇ ਸਿਰ ਵਿਚ ਸੁਵਾਹ ਪਾ ਕੇ ਖਾਕ ਛਾਨਣ ਵਾਲੇ ਭੇਖ ਧਾਰੀਆਂ ਦੀ ਖੂਬ ਖਬਰ ਲਈ ਗਈ ਹੈ, ਐਸੇ ਮੂਰਖ ਅੰਧਿਆਂ ਨੇ ਏਥੇ ਭੀ ਆਪਣੀ ਪਤ ਗਵਾ ਲਈ ਹੈ ਅਤੇ ਪ੍ਰਲੋਕ ਵਿਖੇ ਭੀ ਗਵਾਉਂਣਗੇ। ਨਾਮ ਤੋਂ ਬਿਨਾਂ ਇਹ ਪਾਖੰਡ ਵਾਲੀ ਕੋਈ ਕੀਤੀ ਗਲ ਭੀ ਕਿਸੇ ਥਾਇ ਨਹੀਂ ਪੈਣੀ ਅਤੇ ਇਹ ਨਾਮ ਕੇਵਲ ਗੁਰੂ ਦੁਆਰਾ ਹੀ ਮਿਲਦਾ ਹੈ, ਤਾਤੇ ਗੁਰਮਤਿ ਨਾਮ ਦੀ ਦੀਖਿਆ ਲਏ ਬਿਨਾਂ ਕਿਸੇ ਦੀ ਸਦਗਤੀ ਨਹੀਂ, ਬੇਬਾਣਾਂ ਮੜ੍ਹੀ ਮਸਾਣਾਂ ਵਿਚ ਰਹਿਣ ਵਾਲਿਆਂ ਨੂੰ ਭੀ ਡੁਬਣ ਵਾਲੇ ਭੇਖਧਾਰੀ ਦਸਕੇ ਹੀ ਮਹਾਰਾਜ ਨੇ ਦਸਿਆ ਹੈ ਕਿ ਅਜਿਹੇ ਅੰਨ੍ਹੇ ਲੋਕਾਂ ਨੂੰ ਫੇਰ ਪਛਤਾਉਣਾ ਹੀ ਪਵੇਗਾ, ਸਚੇ ਸਤਿਗੁਰੂ ਭੇਟਿਆਂ ਹੀ ਸਚੇ ਸਚ ਦੀ ਪ੍ਰਾਪਤੀ ਹੁੰਦੀ ਹੈ, ਸਚ ਸਤਿਗੁਰੂ ਦੁਆਰਿਉਂ ਹੀ ਸਚੀ ਦੀਖਿਆ ਲੈ ਕੇ ਹੀ ਸਚਾ ਨਾਮ ਮਨ ਵਿਖੇ ਵਸਦਾ ਹੈ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਜਿਹਨਾਂ ਉਤੇ ਸਤਿਗੁਰ ਦੀ ਅਪਾਰ ਮੇਹਿਰ ਹੋਵੇ ਉਹ ਹੀ ਇਸ ਗੁਰਦੀਖਿਆ ਦੀ ਪ੍ਰਾਪਤੀ ਕਰ ਸਕਦੇ ਹਨ ਆਸ ਅੰਦੇਸੇ ਵਾਲੀ ਚਿੰਤਾ ਨੂੰ ਅਤੇ ਬਪੜੀ ਮਮਤਾ ਮਈ ਹੌਮੈਂ ਨੂੰ ਕੇਵਲ ਗੁਰ ਸ਼ਬਦ ਦੀਖਿਆ ਦੁਆਰੇ ਹੀ ਜਲਾ ਸਕੀਦਾ ਹੈ, ਏਸੇ ਕੇਵਲ ਏਸੇ ਨਿਹਕੇਵਲ ਪਦ ਪ੍ਰਾਪਤ ਹੋਣ ਪਰ ਹੀ ਗਤ ਕਲਿਆਣ ਹੋ ਸਕਦੀ ਹੈ, ਗੁਰਮਤਿ ਤੋਂ ਛੁਟ ਹੋਰ ਅਨਮਤੀ ਭੇਖ ਧਾਰੀ ਪਾਖੰਡ ਧਾਰਣ ਕੀਤਿਆਂ ਕੱਖ ਨਹੀਂ ਬਣ ਸਕਦਾ।

www.AKJ.Org

# ਗੁਰੂ ਨਾਨਕ ਮਾਰਗ ਦਰਸ਼ਨ

ਗੁਰਮੁਖ ਗਾਡੀ ਰਾਹ ਚਲਾਇਆ ॥

ਵਲੋਂ :

ਗਿਆਨੀ ਜਸਮੇਰ ਸਿੰਘ ਜੀ, ਪਾਲ

ਸੋਲ੍ਹਵੀਂ ਸਦੀ ਦੇ ਮੁਢ ਵਿਚ ਪੰਜਾਬ, ਦਿਲੀ ਸਾਮਰਾਜ ਦਾ ਇਕ ਭਾਗ ਸੀ। ਇਥੇ ਸੁਲਤਾਨ ਸਿਕੰਦਰ ਲੋਧੀ ਰਾਜ ਕਰਦਾ ਸੀ। ਮੁਸਲਮਾਨ ਇਤਿਹਾਸਕਾਰਾਂ ਨੇ ਉਸਦੇ ਇਨਸਾਫ਼ ਤੇ ਸਿਆਣਪ ਦੀ ਸਾਖ ਭਰੀ ਹੈ। ਤਾਰੀਖੇ ਦਾਊਦੀ ਦਾ ਲੇਖਕ ਕਹਿੰਦਾ ਹੈ—"ਸੁਲਤਾਨ ਸਿਕੰਦਰ ਇਕ ਉੱਘਾ ਮੰਨਿਆ ਹੋਇਆ ਸ਼ਾਸਕ ਸੀ। ਉਹ ਠਾਠ ਬਾਠ ਤੇ ਵਿਖਾਵੇ ਦਾ ਇਛਕ ਨਹੀਂ ਸੀ। ਆਪਣੀ ਪਵਿਤ੍ਰਤਾ ਲਈ ਪਰਸਿਧ ਸੀ। ਸਿਕੰਦਰ ਲੋਧੀ ਦੇ ਪਠਾਣ ਸਰਦਾਰ ਉਸ ਦੀ ਸਿਆਣਪ ਤੇ ਬੋਲ ਚਾਲ ਤੋਂ ਇਨੇ ਪ੍ਰਭਾਵਤ ਹੋ ਚੁਕੇ ਸਨ ਕਿ ਉਸ ਦਾ ਸ਼ਾਹੀ ਫੁਰਮਾਣ ਅਗੇ ਹੋ ਕੇ ਲਿਆ ਕਰਦੇ ਸਨ। ਇੰਦੂ ਭੂਸ਼ਨ ਬੈਨਰ ਜੀ ਲਿਖਦੇ ਹਨ "ਇਨਸਾਫ਼ ਤੇ ਪਰਉਪਕਾਰ ਦੇ ਭਾਵ ਬੜੀ ਬੁਰੀ ਤਰ੍ਹਾਂ ਸੀਮਤ ਸਨ। ਉਸ ਦੇ ਰਾਜ ਵਿਚ ਹਕੂਮਤ ਨੇ ਮਜ਼੍ਹਬੀ ਰੂਪ ਧਾਰ ਲਿਆ ਸੀ। ਉਸ ਸਮੇਂ ਹਿੰਦੂ ਵਸੋਂ ਦਾ ਮੁਖ ਅੰਗ ਸਨ। ਫੀਰੋਜ਼ ਤੁਗਲਕ ਵਾਂਗ ਸਿਕੰਦਰ ਲੋਧੀ ਨੇ ਧਾਰਮਕ ਤੰਗਦਿਲੀ ਵਾਲੀ ਨੀਤੀ ਅਪਣਾਈ। ਉਸ ਨੇ ਹਿੰਦੂਆਂ ਦੇ ਮੰਦਰ ਢਾਏ ਉਹਨਾਂ ਨੂੰ ਮੁਸਲਮਾਨ ਹੋਣ ਲਈ ਮਜਬੂਰ ਕੀਤਾ। ਇਥੋਂ ਤੀਕ ਕਿ ਇਕ ਵਾਰੀ ਉਸ ਨੇ ਕੁਰਖੇਤਰ ਦੇ ਮੇਲੇ ਉਤੇ ਇਕੱਠੇ ਹੋਏ ਲੱਖਾਂ ਹਿੰਦੂਆਂ ਦਾ ਕਤਲਾਮ ਕਰਨ ਦਾ ਫੈਸਲਾ ਕੀਤਾ ਐਪਰ ਆਪਣੇ ਖ਼ਾਸ ਸਲਾਹਕਾਰ ਮੀਆਂ ਅਬਦੁਲਾ ਦੇ ਆਖਣ ਤੇ ਰੁਕ ਗਿਆ।"

ਸੁਲਤਾਨ ਸਿਕੰਦਰ ਪੰਦਰਾਂ ਸੌ ਸਤਾਰਾਂ ਈਸਵੀ ਵਿਚ ਮਰਿਆ। ਉਸ ਦੇ ਪਿਛੋਂ ਉਸ ਦਾ ਪੁਤਰ ਇਬਰਾਹੀਮ ਲੋਧੀ ਗੱਦੀ ਉਤੇ ਬੈਠਾ। ਉਸ ਬਾਰੇ ਬਾਬਰ ਦੀ ਰਾਇ ਇਹ ਹੈ ਕਿ ਉਹ ਬਿਨਾਂ ਕਿਸੇ ਤਰਤੀਬ ਦੇ ਚੜ੍ਹਾਈ ਕਰ ਦਿੰਦਾ ਤੇ ਬਿਨਾਂ ਕਿਸੇ ਵਿਉਂਤ ਦੇ ਪਿਛਾਂਹ ਪਰਤ ਪੈਂਦਾ ਸੀ। ਉਹ ਕੋਈ ਸੁਚੱਜਾ ਰਾਜ ਪ੍ਰਬੰਧਕ ਸਾਬਤ ਨ ਹੋ ਸਕਿਆ। ਛੇਤੀ ਹੀ ਆਪਣੇ ਸਰਦਾਰਾਂ ਵਿਚ ਆਪਣਾ ਰਸੂਖ ਗੁਆ ਬੈਠਾ। ਉਹ ਸਰਦਾਰਾਂ ਨੂੰ ਕਾਬੂ ਵਿਚ ਨਾ ਰਖ ਸਕਿਆ। ਉਸ ਦਾ ਬਹੁਤ ਸਮਾਂ ਬਗਾਵਤਾਂ ਦਬਾਉਣ ਵਿਚ ਲਗਾ। ਸੋਲ੍ਹਵੀਂ ਸਦੀ ਦੀ ਪਹਿਲੀ ਚੁਥਾਈ ਵਿਚ ਪੰਜਾਬ ਜਿਸ ਲੋਧੀ ਸਾਮਰਾਜ ਦਾ ਇਕ ਅੰਗ ਸੀ ਉਸ ਨੂੰ ਜੋੜਨ ਵਾਲੇ ਪੱਕੇ ਅਸੂਲ ਨਹੀਂ ਸਨ। ਪਠਾਣ ਸਰਦਾਰ ਜੋ ਹਕੂਮਤ ਦੀ ਤਾਕਤ ਦਾ ਵਡਾ ਥੰਮ ਸਨ, ਬਾਗ਼ੀ ਹੋ ਚੁਕੇ ਸਨ। ਐਸਕਾਈਨ ਦੇ ਕਥਨ ਮੂਜਬ ਉਸ ਵੇਲੇ ਲੋਧੀ ਸਾਮਰਾਜ ਅਜ਼ਾਦ ਤੇ ਖੁਦ ਮੁਖਤਿਆਰ ਪਰਗਣਿਆਂ ਵਿਚ ਵੰਡਿਆ ਹੋਇਆ ਸੀ। ਜਨਤਾ ਦਾ ਆਪਣੇ ਨੇੜੇ ਦੇ ਹਾਕਮਾਂ ਉਤੇ ਵਧੀਕ ਵਿਸ਼ਵਾਸ ਸੀ। ਬਾਦਸ਼ਾਹ ਜਨਤਾ ਤੋਂ ਦੂਰ ਸਨ।" ਪੰਜਾਬ ਉਸ ਸਮੇਂ ਇਕ ਪਰਗਣਾ ਜਾਂ ਸੂਬਾ ਸੀ। ਉਸ ਵੇਲੇ ਲਾਹੌਰ ਤੇ ਮੁਲਤਾਨ ਇਸ ਦੇ ਦੋ ਵਡੇ ਸੂਬੇ ਸਨ। ਇਸ ਤੋਂ ਬਿਨਾਂ ਸਰਹੰਦ, ਸੁਲਤਾਨਪੁਰ ਤੇ ਦੀਪਾਲਪੁਰ ਵਾਂਗੂ ਕੁਝ ਛੋਟੇ ਪਰਗਣੇ ਸਨ। ਇਹ ਪਰਗਣੇ ਸਿਧੇ ਦਿਲੀ ਸਮਰਾਟ ਦੇ ਅਧੀਨ ਹੁੰਦੇ ਸਨ। ਕਿਸੇ ਵੇਲੇ ਸੌਖ ਨੂੰ ਮੁਖ ਰਖ ਕੇ ਇਕ ਬੰਦੇ ਦੇ ਅਧੀਨ ਕਰ ਦਿਤੇ ਜਾਂਦੇ ਸਨ। ਸੁਲਤਾਨ ਸਿਕੰਦਰ ਲੋਧੀ ਨੇ ਪੰਜਾਬ ਦੀ ਫੌਜੀ ਮਹਾਨਤਾ ਨੂੰ ਮੁਖ ਰਖਦੇ ਹੋਏ ਆਪਣੇ ਨੇੜੇ ਦੇ ਸਬੰਧੀ ਤਾਤਾਰ ਖਾਨ ਨੂੰ ਪੰਜਾਬ ਦੇ ਸਭ ਸੂਬਿਆਂ ਤੇ ਪਰਗਨਿਆਂ ਉਤੇ ਦੇਖ ਭਾਲ ਲਈ ਮੁਕੱਰਰ ਕੀਤਾ ਸੀ। ਜਦੋਂ ਤੀਕ ਸੁਲਤਾਨ ਸਿਕੰਦਰ ਲੋਧੀ ਜੀਂਦਾ ਰਿਹਾ ਉਦੋਂ ਤੀਕ ਦੌਲਤ ਖਾਂ ਲੋਧੀ ਦਿਲੀ ਦੇ ਤਖ਼ਤ ਦਾ ਵਫ਼ਾਦਾਰ ਰਿਹਾ। ਪਰ ਜਦੋਂ ਪੰਦਰਾਂ ਸੌ ਸਤਾਈ ਈਸਵੀ ਵਿਚ ਇਬਰਾਹੀਮ ਲੋਧੀ ਤਖ਼ਤ ਤੇ ਬੈਠਾ ਤਦੋਂ ਦੌਲਤ ਖਾਂ ਨੇ ਆਪਣੇ ਪੁਤਰਾਂ ਗਾਜ਼ੀ ਖ਼ਾਂ ਤੇ ਦਿਲਾਵਰ ਖਾਂ ਸਮੇਤ ਪੰਜਾਬ ਵਿਚ



www.AKJ.Org

ਇਕ ਸੁਤੰਤਰ ਰਾਜ ਸਥਾਪਤ ਕਰਨ ਦਾ ਦਿਰੜ ਫੈਸਲਾ ਕਰ ਲਿਆ। ਇਸ ਲਈ ਉਹ ਇਬਰਾਹੀਮ ਲੋਧੀ ਵਿਰੁਧ ਗੋਂਦਾਂ ਘੜਨ ਲਗੇ। ਇਸ ਸਮੇਂ ਬਾਬਰ ਨੇ ਕਾਬਲ ਫ਼ਤਹ ਕਰ ਲਿਆ ਸੀ। ਬਾਬਰ ਪੂਰਵਜ ਤੈਮੂਰ ਵਾਂਗ ਪੰਜਾਬ ਨੂੰ ਫ਼ਤਹ ਕਰਕੇ ਦਿਲੀ ਉਤੇ ਧਾਵਾ ਬੋਲਣ ਦੀ ਡੌਲ ਬਣਾ ਰਿਹਾ ਸੀ। ਬਾਬਰ ਆਪਣੇ ਰੋਜ਼ਨਾਮਚਿਆਂ ਵਿਚ ਲਿਖਦਾ ਹੈ ਕਿ ਉਸ ਨੇ ਪੰਦਰਾਂ ਸੌ ਉਨੀ ਤੇ ਪੰਦਰਾਂ ਸੌ ਪੰਝੀ ਤੀਕ ਪੰਜਾਬ ਉਤੇ ਪੰਜ ਹੱਲੇ ਕੀਤੇ। 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਨੁਸਾਰ ਪਠਾਣ ਸਰਦਾਰਾਂ ਵਿਚ ਫੁਟ ਪੁਆ ਦਿਤੀ। ਆਖ਼ਰਕਾਰ ਬਾਬਰ ਪੰਜਾਬ ਉਤੇ ਕਬਜ਼ਾ ਕਰਨ ਵਿਚ ਪੂਰਨ ਭਾਂਤ ਸਫਲ ਹੋ ਗਿਆ। ਇਬਰਾਹੀਮ ਲੋਧੀ ਆਪਣੇ ਸਰਦਾਰਾਂ ਨੂੰ ਕਾਬੂ ਵਿਚ ਨਾ ਰਖ ਸਕਿਆ। ਪੰਦਰਾਂ ਸੌ ਉਨੀਂ ਤੇ ਪੰਦਰਾਂ ਸੌ ਛਬੀ ਈਸਵੀ ਤਕ ਪੰਜਾਬ ਵਿਚਕਾਰ ਤਿੰਨ ਤਾਕਤਾਂ ਸਨ। ਜਾਂ ਇਉਂ ਆਖ ਲਓ ਕਿ ਪੰਜਾਬ ਤਿੰਨ ਤਾਕਤਾਂ ਦੀ ਲੜਾਈ ਦਾ ਅਖਾੜਾ ਬਣਿਆ ਹੋਇਆ ਸੀ। ਇਹ ਤਿੰਨ ਤਾਕਤਾਂ ਸਨ, ਮੁਗਲ, ਪੰਜਾਬ ਦੇ ਪਠਾਣ ਸਰਦਾਰ, ਦਿਲੀ ਦਾ ਸਮਰਾਟ ਇਬਰਾਹੀਮ ਲੋਧੀ। ਇਸ ਘੋਲ ਵਿਚ ਜਿੱਤ ਬਾਬਰ ਮੁਗਲ ਸ਼ਹਿਨਸ਼ਾਹ ਦੀ ਹੋਈ। ਪੰਜਾਬ ਨੂੰ ਅੰਦਰਲੀਆਂ ਬਗਾਵਤਾਂ, ਘਰੋਗੀ ਝਗੜਿਆਂ ਕਰਕੇ ਅਤੇ ਬਾਹਰਲੇ ਹਮਲਿਆਂ ਕਰਕੇ ਬੜੇ ਦੁਖ ਸਹਾਰਨੇ ਪਏ। ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਦਾ ਅਖਾਣ ਪ੍ਰਸਿਧ ਹੋ ਗਿਆ ਹੈ। ਮੁਗਲ ਹਮਲਾਆਵਰਾਂ ਦੇ ਹਥੋਂ ਇਸਤਰੀਆਂ ਦੀ ਇਜ਼ਤ ਲੁਟੀ ਜਾਣ ਲਗੀ। ਮੁਲਾਂ, ਕਾਜ਼ੀ, ਨਵਾਬ ਆਪਣੇ ਫਰਜ਼ ਵਿਸਾਰ ਬੈਠੇ। ਉਲਟੀ ਵਾੜ ਖੇਤ ਨੂੰ ਖਾਣ ਲਗੀ। ਇਸ ਸਮੇਂ ਗੁਰੂ ਨਾਨਕ ਦਾ ਫਲਸਫਾ ਅਰੰਭ ਹੁੰਦਾ ਹੈ। ਪੰਜਾਬ ਉਤੇ ਬਾਬਰ ਦੀ ਕਤਲਾਮ ਦਾ ਦਰਦਨਾਕ ਚਿਤਰ ਗੁਰੂ ਨਾਨਕ ਜੀ ਨੇ ਇਉਂ ਉਲੀਕਿਆ :—

ਜਿਨ ਸਿਰਿ ਸੋਹਨਿ ਪਟੀਆ, ਮਾਂਗੀ ਪਾਇ ਸੰਧੂਰੁ।
ਸੇ ਸਿਰ ਕਾਤੀ ਮੁੰਨੀਅਨਿ, ਗਲਿ ਵਿਚਿ ਆਵੈ ਧੂੜਿ...।
ਤਿਨ ਗਲਿ ਸਿਲਕਾ ਪਾਈਆ, ਤੁਟਨਿ ਮੋਤਸਰੀਆ।
ਧਨੁ ਜੋਬਨੁ ਦੋਇ ਵੈਰੀ ਹੋਏ, ਜਿਨੀ ਰਖੇ ਰੰਗੁ ਲਾਇ।
ਦੂਤਾ ਨੋ ਫੁਰਮਾਇਆ, ਲੈ ਚਲੇ ਪਤਿ ਗਵਾਇ।

ਭਾਵ ਜਿਨ੍ਹਾਂ ਦੇ ਸਿਰਾਂ ਉਤੇ ਸੁੰਦਰ ਛਬੀਲੀਆਂ ਜ਼ੁਲਫਾਂ ਸ਼ੋਭਦੀਆਂ ਸਨ ਜਿਨ੍ਹਾਂ ਦੇ ਕੇਸਾਂ ਦੇ ਚੀਰਾਂ ਵਿਚ ਸੁਹਾਗ ਦੀ ਨਿਸ਼ਾਨੀ ਸੰਧੂਰ ਪਾਇਆ ਜਾਂਦਾ ਸੀ, ਉਨ੍ਹਾਂ ਦੇ ਸਿਰ ਹੁਣ ਕੈਂਚੀ ਨਾਲ ਮੁੰਨੇ ਜਾਂਦੇ ਹਨ। ਕੇਸ਼ਾਂ ਵਿਚ ਮਿਟੀ ਘੱਟਾ ਪਾਇਆ ਜਾਂਦਾ ਹੈ। ਜਿਹੜੀ ਦੌਲਤ ਤੇ ਜੁਆਨੀ ਉਨ੍ਹਾਂ ਲਈ ਮੌਜਾਂ ਦਾ ਸਮਾਨ ਸੀ ਉਹ ਹੁਣ ਵੈਰਨਾਂ ਬਣ ਗਈਆਂ ਹਨ। ਬਾਦਸ਼ਾਹ ਨੇ ਸਿਪਾਹੀਆਂ ਨੂੰ ਹੁਕਮ ਦੇ ਛਡਿਆ ਹੈ ਕਿ ਭਾਰਤੀ ਇਸਤਰੀਆਂ ਦੀ ਬੇਪਤੀ ਕਰਕੇ ਉਨ੍ਹਾਂ ਨੂੰ ਫੜੀ ਜਾਓ।

ਬਾਬਰ ਦੀ ਲੁਟ ਮਾਰ, ਸਾੜ ਫੂਕ ਤੇ ਕਤਲਾਮ ਤੇ ਉਸ ਸਮੇਂ ਦੀ ਸਮਾਜਕ ਦਸ਼ਾ ਦਾ ਵਰਨਣ ਕਰਦਾ ਹੋਇਆ ਐਵੋਲਿਊਸ਼ਨ ਆਫ ਖਾਲਸਾ ਦਾ ਲੇਖਕ ਇੰਦੂ ਭੂਸ਼ਨ ਬੈਨਰ ਜੀ ਲਿਖਦਾ ਹੈ 'ਇਸ ਤਰ੍ਹਾਂ ਜਾਪਦਾ ਹੈ ਕਿ ਸਾਰਾ ਦੇਸ਼ ਰਾਜਸੀ ਗੜਬੜ ਦਾ ਸ਼ਿਕਾਰ ਹੋ ਚੁਕਾ ਹੈ। ਕਿਸੇ ਦਾ ਜਾਨ ਮਾਲ ਸੁਰਖਿਆ ਨਹੀਂ। ਸਭ ਪਾਸੇ ਬੇ-ਅਸੂਲਾ ਲਾਲਚ ਪਸਰਿਆ ਹੋਇਆ ਸੀ। ਸਦਾਚਾਰਕ ਗਿਰਾਵਟ ਤੇ ਅਧੋਗਤੀ ਜ਼ੋਰਾਂ ਤੇ ਸੀ। ਭਾਈ ਗੁਰਦਾਸ ਜੀ ਨੇ ਉਸ ਸਮੇਂ ਦੀ ਸਮਾਜਕ ਦਸ਼ਾ ਇਉਂ ਉਲੀਕੀ ਹੈ:—

ਕਲਿ ਆਈ ਕੁਤੇ ਮੁਹੀ
ਖਾਜੁ ਹੋਆ ਮੁਰਦਾਰੁ।
ਰਾਜੇ ਪਾਪ ਕਮਾਵਦੇ
ਉਲਟੀ ਵਾੜ ਖੇਤ ਕੋ ਖਾਈ।
ਕਾਜੀ ਹੋਏ ਰਿਸ਼ਵਤੀ
ਵਢੀ ਲੈ ਕੇ ਹਕ ਗਵਾਈ।
ਵਰਤਿਆ ਪਾਪ ਸਭਸ ਜਗ ਮਾਹੀ।

ਵਹਿਮਾਂ, ਭਰਮਾਂ ਤੇ ਫੋਕੀਆਂ ਰਸਮਾਂ ਨੇ ਸੱਚੀ ਧਾਰਮਕ ਜ਼ਿੰਦਗੀ ਦੀ ਥਾਂ ਮੱਲ ਲਈ ਸੀ। ਲੋਕ ਸਾਧਨ ਨੂੰ ਮਨੋਰਥ; ਤੇ ਮਨੋਰਥ ਨੂੰ ਸਾਧਨ ਸਮਝਣ ਲਗ ਪਏ ਸਨ। ਲੋਕੀਂ ਜਾਦੂ ਟੂਣਿਆਂ, ਜੰਤਰਾਂ ਮੰਤਰਾਂ ਤਵੀਤਾਂ ਤੇ ਕਰਾਮਾਤਾਂ ਵਿਚ ਫਸ ਗਏ ਸਨ।



www.AKJ.Org

ਹਿੰਦੂ ਮੁਸਲਮਾਨ ਆਪੂ ਵਿਚੀਂ ਖਹਿੰਦੇ ਸਨ। ਬ੍ਰਾਹਮਣ ਤੇ ਮੌਲਵੀ ਝਗੜਦੇ ਸਨ। ਚੁਫੇਰੇ ਸਦੀਵੀ ਕਲਾ ਦਾ ਰਾਜ ਸੀ। ਭਾਈ ਗੁਰਦਾਸ ਜੀ ਇਸ ਦੀ ਪੁਸ਼ਟੀ ਕਰਦੇ ਹਨ :—

ਖੁਦੀ ਬਖੀਲੀ ਤਕਬਰੀ ਖਿਚੋਤਾਨ ਕਰੇਨ ਧਿਙਾਣੇ।
ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸਿਤਾਣੇ।
ਸਚ ਕਿਨਾਰੇ ਰਹਿ ਗਿਆ
ਖਹਿ ਖਹਿ ਮਰਦੇ ਬਾਹਮਣ ਮੁਲਾਣੇ।
ਸਿਰੋ ਨਾ ਮਿਟੇ ਆਵਣ ਜਾਣੇ।

ਮਲਕ ਮੁਹੰਮਦ ਜਾਇਸੀ ਜੋ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਲੇਖਕ ਹੈ ਲਿਖਦਾ ਹੈ—"ਹਿੰਦੂ ਤੇ ਮੁਸਲਮਾਨ ਔਰਤਾਂ ਵਿਚ ਪਰਦੇ ਦੀ ਲਾਅਨਤ ਸੀ। ਗਰੀਬ ਜ਼ਨਾਨੀਆਂ ਆਪਣੇ ਆਪ ਨੂੰ ਬੁਰਕੇ ਵਿਚ ਲਪੇਟ ਕੇ ਤੁਰਦੀਆਂ ਸਨ। ਸਤੀ ਦੀ ਭੈੜੀ ਰਸਮ ਉਸ ਸਮੇਂ ਪ੍ਰਚਲਤ ਸੀ। ਕੰਵਰ ਮੁਹੰਮਦ ਅਸ਼ਰਫ ਲਿਖਦਾ ਹੈ ਕਿ ਰਾਜਪੂਤਾਂ ਵਿਚ ਅਫ਼ੀਮ ਖਾਣ ਦੀ ਭੈੜੀ ਵਾਦੀ ਆਮ ਸੀ। ਇਸਲਾਮੀ ਭਾਈਚਾਰੇ ਵਿਚ ਕਿਸੇ ਅਜਿਹੇ ਤਬਕੇ ਦਾ ਨਾਂ ਨਹੀਂ ਲਭਦਾ ਜਿਹੜਾ ਸ਼ਰਾਬ ਨਾ ਪੀਂਦਾ ਹੋਵੇ। ਮੁਸਲਮਾਨ ਸਮਾਜ ਵਿਚ ਇਸਤਰੀਆਂ ਸ਼ਰਾਬ ਪੀਂਦੀਆਂ ਸਨ। ਹਿੰਦੂ ਸਨਿਆਸੀ ਤੇ ਜੋਗੀ ਭੰਗ ਪੀਂਦੇ ਸਨ, ਪਰ ਅਜੇ ਸਮਾਜ ਵਿਚ ਤਮਾਕੂ ਪੀਣ ਦੀ ਭੈੜੀ ਵਾਦੀ ਨਹੀਂ ਸੀ ਆਈ।"

ਹਿੰਦੂ ਧਰਮ ਵਿਚ ਗਿਰਾਵਟ ਪਸਰ ਚੁਕੀ ਸੀ। ਸਮਾਜਕ ਸੁਧਾਰ ਦੀ ਲੋੜ ਸੀ। ਬਰਾਹਮਣਾਂ ਨੇ ਆਪਣੇ ਸੁਆਰਥ ਖਾਤਰ ਜ਼ਾਤ ਪਾਤ ਦੇ ਬੰਧਨ ਕਰੜੇ ਕਰ ਦਿਤੇ ਸਨ। ਬਹੁਤ ਭਾਰੀ ਗਿਣਤੀ ਦੇ ਲੋਕਾਂ ਨੂੰ ਬ੍ਰਾਹਮਣਾਂ ਨੇ ਅਛੂਤ ਬਣਾ ਦਿਤਾ ਸੀ। ਮੁਸਲਮਾਨ ਰੱਬੀ ਸਿਧਾਂਤਾਂ ਤੇ ਮਨੁਖੀ ਏਕਤਾ ਨੂੰ ਮੰਨਦੇ ਸਨ। ਉਹਨਾਂ ਵਿਚ ਹੋਰਨਾਂ ਲੋਕਾਂ ਨੂੰ ਆਪਣੇ ਧਰਮ ਵਿਚ ਲਿਆਉਣ ਲਈ ਬੜਾ ਜੋਸ਼ ਤੇ ਉਤਸ਼ਾਹ ਸੀ। ਉਹ ਅਛੂਤ ਤੇ ਸ਼ੂਦਰਾਂ ਨੂੰ ਇਸਲਾਮੀ ਮੱਤ ਵਲ ਖਿਚ ਰਹੇ ਸਨ। ਭਗਤੀ ਲਹਿਰ ਦਖਣ ਵਿਚੋਂ ਉਠੀ। ਰਾਮਾਨੰਦ ਇਸ ਲਹਿਰ ਨੂੰ ਉਤਰ ਵਲ ਲੈ ਗਿਆ। ਕਬੀਰ ਨੇ ਇਸ ਨੂੰ ਸਾਰੇ ਪਾਸੇ ਉਜਾਗਰ ਕੀਤਾ। ਭਗਤੀ ਲਹਿਰ ਦਾ ਮੁਖ ਕਰਤਵ ਇਸਲਾਮ ਦੇ ਰੰਗ ਨੂੰ ਫਿੱਕਾ ਪਾਉਣਾ ਸੀ। ਭਗਤੀ ਲਹਿਰ ਦੇ ਆਗੂਆਂ ਨੇ ਪ੍ਰਭੂ-ਭਗਤੀ ਤੇ ਜ਼ੋਰ ਦਿਤਾ। ਭਗਤੀ ਲਹਿਰ ਇਕ ਲੋਕ ਲਹਿਰ ਸੀ। ਭਗਤੀ ਲਹਿਰ ਵਾਲਿਆਂ ਨੇ ਪ੍ਰਭੂ ਪਰਾਪਤੀ ਦਾ ਰਸਤਾ ਗੁਰੂ ਭਗਤੀ ਦਸਿਆ। ਆਤਮ ਤਿਆਗ ਦਾ ਉਪਦੇਸ਼ ਦਿਤਾ। ਹਉਮੈਂ ਨੂੰ ਮੇਟਣ ਲਈ ਨਵੇਂ ਹੱਲ ਉਲੀਕੇ। ਜ਼ਾਤ ਪਾਤ ਦੀ ਕਰੜਾਈ ਨੂੰ ਢਿਲਿਆਂ ਕੀਤਾ। ਸਭ ਮਨੁਖ ਇਕ ਸਮਾਨ ਹਨ। ਗੁਰੂ ਸ਼ਰਧਾ ਜ਼ਰੂਰੀ ਹੈ। ਫੋਕੇ ਕਰਮ ਕਾਂਡਾਂ ਤੇ ਮੂਰਤੀ ਪੂਜਾ ਦਾ ਨਿਖੇਧ ਕੀਤਾ। ਸੱਚਾ ਤੇ ਡੂੰਘਾ ਪਿਆਰ ਸਦੀਵੀ ਹੋ ਸਕਦਾ ਹੈ। ਪ੍ਰਭੂ ਮੂਰਤੀਆਂ ਜਾਂ ਮੰਦਰਾਂ ਵਿਚ ਨਹੀਂ, ਉਹ ਮਨੁਖੀ ਹਿਰਦੇ ਵਿਚ ਹੈ। ਪ੍ਰਭੂ ਕਿਸੇ ਵਿਸ਼ੇਸ਼ ਬੋਲੀ ਵਿਚ ਨਹੀਂ ਬੋਲਦਾ, ਉਹ ਕੇਵਲ ਇਕੋ ਬੋਲੀ ਸਮਝਦਾ ਹੈ, ਉਹ ਹੈ ਪਰੀਤ ਦੀ ਬੋਲੀ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਚੁਗਿਰਦੇ ਦਾ ਭਰਮਣ ਕੀਤਾ। ਉਹਨਾਂ ਨੂੰ ਲੋਕ ਸੋਧ ਦਾ ਚਾਅ ਚੜ੍ਹਿਆ। ਜਗਤ ਦੇ ਉਧਾਰ ਲਈ ਉਦਾਸੀਆਂ ਧਾਰੀਆਂ। ਗੁਰੂ ਨਾਨਕ ਨੇ ਜੱਗ ਵਿਚ ਧੁੰਦੂਕਾਰ ਵੇਖਿਆ, ਰਾਜੇ ਕਸਾਈ ਬਣੇ ਵੇਖੇ, ਮੰਦਰ ਢਹਿੰਦੇ ਵੇਖੇ, ਮਲਕ ਭਾਗੋ ਵੇਖੇ, ਸਜਣ ਠੱਗ ਵੇਖੇ, ਪਖੰਡੀ ਸਾਧੂ ਵੇਖੇ, ਕੌਡੇ ਜਿਹੇ ਮਾਣਸ ਖਾਣੇ ਵੇਖੇ। ਲੋਕਾਂ ਨੂੰ ਅੰਦਰਖਾਨੇ ਪੂਜਾ ਕਰਦੇ ਬਾਹਰ ਕਤੇਬਾਂ ਪੜ੍ਹਦੇ ਡਿਠਾ, ਸਿੱਧ ਪਰਬਤਾਂ ਵਿਚ ਚੜ੍ਹੇ ਵੇਖੇ। ਜਿਨ੍ਹਾਂ ਜੋਗੀਆਂ ਨੇ ਲੋਕਾਂ ਦੀ ਅਗਵਾਈ ਕਰਨੀ ਸੀ ਉਹ ਫੋਕਟ ਕਰਾਮਾਤਾਂ, ਰਿਧੀਆਂ ਸਿਧੀਆਂ ਵਿਚ ਫਸੇ ਵੇਖੇ। ਏਮਨਾਬਾਦ ਦਾ ਦਿਲ ਹਿਲਾਉਣ ਵਾਲਾ ਬਾਬਰ ਦਾ ਕਤਲਾਮ ਵੇਖਿਆ। ਗੁਰੂ ਨਾਨਕ ਰੱਬ ਦਾ ਪਿਆਰਾ ਬਿਦੋਸ਼ੀ ਖ਼ਲਕਤ ਦਾ ਕਤਲ ਵੇਖ ਕੇ ਚੁਪ ਨਾ ਰਹਿ ਸਕਿਆ। ਐਨ ਮੌਕੇ ਉਤੇ ਸੰਤ ਕਵੀ ਨੇ ਬਾਬਰ ਨੂੰ ਜਾਬਰ ਆਖ ਕੇ ਵੰਗਾਰ ਪਾਈ। ਇਥੇ ਹੀ ਬਸ ਨਹੀਂ ਆਪਣੇ ਰੱਬ ਨੂੰ ਵੀ ਖਰੀਆਂ ਖਰੀਆਂ ਆਖ ਦਿਤੀਆਂ :—



www.AKJ.Org

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ ।
ਆਪੈ ਦੋਸੁ ਨ ਦੇਈ ਕਰਤਾ,
ਜਮੁ ਕਰਿ ਮੁਗਲੁ ਚੜਾਇਆ ।
ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨ ਆਇਆ ।

ਜੇਕਰ ਡਾਢਾ ਸ਼ੇਰ ਭੇਡਾਂ ਦੇ ਵੱਗ ਤੇ ਆ ਪਏ ਤਦ ਪੁਰਸ਼ਿਸ਼ ਜਾਂ ਪੁਛ ਤਾਂ ਵੱਗ ਦੇ ਮਾਲਕ ਤੋਂ ਹੋਣੀ ਹੈ। ਪੰਜਾਬੀਆਂ ਦੀ ਅਧੋਗਤੀ ਤੇ ਕਤਲਾਮ ਦੇ ਜ਼ਿਮੇਵਾਰ ਲੋਧੀ ਪਠਾਣ ਹਨ। ਜੇ ਤਕੜਾ ਤਕੜੇ ਨੂੰ ਮਾਰੇ ਤਦ ਰੋਸ ਕਾਹਦਾ। ਜੇ ਤਕੜਾ ਮਾੜੇ ਦਾ ਖੂਨ ਪੀਵੇ ਤਦ ਪੁਛ ਤਾਂ ਵੱਗ ਦੇ ਮਾਲਕ ਤੋਂ ਹੋਣੀ ਹੈ। ਇਨ੍ਹਾਂ ਦੇਸ਼ ਧਰੋਹੀ ਪਠਾਣਾਂ ਨੂੰ ਮਰਨ ਤੋਂ ਬਾਦ ਕਿਸੇ ਨੇ ਯਾਦ ਨਹੀਂ ਕਰਨਾ :–

ਸਕਤਾ ਸੀਹੁ ਮਾਰੇ ਪੈ ਵਗੈ
ਖਸਮੈ ਸਾ ਪੁਰਸਾਈ।
ਰਤਨ ਵਿਗਾੜ ਵਿਗੋਇ ਕੁਤਂੀ
ਮੁਇਆ ਸਾਰ ਨ ਕਾਈ।

ਇਕ ਸੱਚਾ ਹਮਦਰਦ ਇਨਸਾਨ ਖਰੀ ਖਰੀ ਮੂੰਹ ਤੇ ਆਖਦਾ ਹੈ। ਬਾਬਰ ਦੇ ਹਮਲੇ ਮਗਰੋਂ ਆਖਣ ਦਾ ਲਾਭ ਹੀ ਕੀ ਸੀ ? ਮਨੁਖਤਾ ਦੇ ਆਗੂ ਨੇ 'ਸਚ ਕੀ ਬਾਣੀ ਸਚ ਕੀ ਬੇਲਾ' ਆਖ ਸੁਣਾਈ। ਇਹ ਕੁਝ ਬਹੁਤ ਵਡੇ ਦਿਲ ਵਾਲਾ ਹੀ ਕਰ ਸਕਦਾ ਹੈ।

'ਸੱਚ ਕੀ ਬਾਣੀ ਨਾਨਕ ਆਖਹਿ
ਸਚੁ ਸੁਣਾਇਸੀ ਸੱਚ ਕੀ ਬੇਲਾ।'

ਗੁਰੂ ਨਾਨਕ ਮਾਰਗ ਦਰਸ਼ਨ ਦਾ ਪਰਮੁਖ ਲਛਣ ਹੈ ਸੱਚ ਦੀ ਅਵਾਜ਼ ਐਨ ਸੱਚੇ ਮੌਕੇ ਤੇ ਲਾਉਣੀ। ਖਰੀ ਖਰੀ ਮੂੰਹ ਤੇ ਆਖ ਦੇਣਾ। ਗੁਰੂ ਨਾਨਕ ਜੀ ਦੀ ਇਹ ਨਵੀਂ ਦੇਣ ਹੈ। ਇਕ ਕਾਇਰ ਮਨੁਖ ਡਰਦਾ ਹੈ। ਗੁਰੂ ਨਾਨਕ ਕਿਉਂ ਡਰੇ। ਗੁਰੂ ਨਾਨਕ ਦਾ ਰੱਬ ਨਿਰਭਉ ਹੈ। ਗੁਰੂ ਨਾਨਕ ਪਾਕ ਦਿਲ ਹੈ। ਡਰੇ ਉਹ ਜਿਸ ਅੰਦਰ ਪਵਿਤਰਤਾ ਨਹੀਂ, ਛਲ ਕਪਟ ਹੈ। ਮਹਾਨ ਗੁਰੂ ਦਾ ਰੱਬ ਨਿਰਭਉ ਹੈ। ਮਹਾਨ ਗੁਰੂ ਕੁਦਰਤੀ ਨਿਰਭਉ ਹੋਵੇਗਾ। ਭਗਤੀ ਲਹਿਰ ਦੇ ਆਗੂਆਂ ਸਮਾਜ, ਜਾਤ ਪਾਤ, ਕਰਮ ਕਾਂਡ ਦੀ ਖੂਬ ਛਿਲ ਲਾਹੀ ਪਰੰਤੂ ਹਕੂਮਤ ਦੇ ਵਿਰੁਧ ਆਵਾਜ਼ ਨਾ ਚੁਕ ਸਕੇ। ਗੁਰੂ ਨਾਨਕ ਅੰਦਰ ਨਿਰਭੈ ਸ਼ਕਤੀ ਦਾ ਵਾਸ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਖ਼ਾਸ ਵਿਸ਼ੇਸ਼ਤਾ ਹੈ। ਗੁਰੂ ਨਾਨਕ ਫ਼ਲਸਫ਼ਾ ਸੀਹਾਂ, ਬਾਜ਼ਾਂ, ਸਿਕਦਾਰਾਂ, ਚਰਗਾਂ ਕੁਹੀਆਂ ਨੂੰ ਘਾਹ ਖੁਆਉਂਦਾ ਵਿਖਾਉਂਦਾ ਹੈ। ਇਥੇ ਨਦੀਆਂ ਵਿਚ ਟਿਬੇ, ਥਲਾਂ ਵਿਚ ਅਸਗਾਹ ਮਿਲਦੇ ਹਨ। ਹੇਠਲੀ ਮਿੱਟੀ ਉਤੇ ਹੋਈ ਹੁੰਦੀ ਪ੍ਰਤੀਤ ਹੁੰਦੀ ਹੈ। ਇਥੇ ਕੀੜਾ ਥਾਪੜਾ ਲੈ ਕੇ ਪਾਤਸ਼ਾਹ ਬਣਦਾ ਹੈ। ਇਹ ਸਿੰਘ ਗਰਜਨਾ ਹੈ, ਇਹ ਗਿੱਦੜ ਭਬਕੀ ਨਹੀਂ। ਇਹ ਸ਼ੇਰ ਦੀ ਗਰਜ ਹੈ। ਇਹ ਅੰਦਰੋਂ ਬਾਹਰੋਂ ਇਕ ਹੋਣ ਦਾ ਲਛਣ ਹੈ। ਗੁਰੂ ਨਾਨਕ ਆਵਾਜ਼ ਚੁਕਣ ਸਮੇਂ ਸਾਹਮਣੇ ਖਲੋਤੀ ਆਦਮ ਗਿਣਤੀ ਤੇ ਫੌਜ ਤੋਂ ਨਹੀਂ ਡਰਦਾ। ਉਸ ਲਈ ਮੁਲਖਈਆ ਤੇ ਆਦਮ ਗਿਣਤੀ ਬੇਅਸਰ ਹੈ। ਸ਼ੇਰ ਦੇ ਅਗੇ ਭੇਡਾਂ ਬਕਰੀਆਂ ਦਾ ਇਜੜ ਕੀ ਕਰ ਸਕਦਾ ਹੈ। ਇਥੇ ਛਲ, ਕਪਟ, ਭੇਖ ਦਿਖਾਵਾ, ਫੋਕਟ ਕਰਮ, ਮੂਰਤੀ ਪੂਜਾ, ਜ਼ੋਰ ਤੇ ਜ਼ੁਲਮ ਦੀਆਂ ਤਾਕਤਾਂ ਕਦੋਂ ਟਿਕ ਸਕਦੀਆਂ ਹਨ। ਪ੍ਰੋਫ਼ੈਸਰ ਰਾਮ ਬਾਹਰੀ ਲਿਖਦੇ ਹਨ—"ਗੁਰੂ ਨਾਨਕ ਦਾ ਫ਼ਲਸਫ਼ਾ ਗੌਰਵਮਈ ਹੈ, ਇਸ ਵਿਚ ਸ਼ਹਿਦ ਵਰਗੀ ਮਿਠਾਸ ਹੈ, ਜਲ ਜਿਹੀ ਸੀਤਲਤਾ, ਉਚੇ ਉਡ ਰਹੇ ਆਤਮਕ ਬਾਜ ਦੀ ਨੀਝ ਤੇ ਸ਼ੇਰ ਦੀ ਗਰਜਨਾ ਕੰਮ ਕਰਦੀ ਦਿਸਦੀ ਹੈ। ਇਹ ਫ਼ਲਸਫ਼ਾ ਭੈ ਰਹਿਤ, ਵੈਰ ਰਹਿਤ, ਵਿਲਖਣ ਭਾਂਤ ਦਾ ਦਾਰਸ਼ਨਕ ਤੇ ਬੀਰ ਰਸ ਭਰਪੂਰ ਹੈ।"

ਗੁਰੂ ਨਾਨਕ ਦੇਵ ਜੀ ਦੇ ਆਸ਼ੇ ਅਨੁਸਾਰ ਬੀਰ ਉਹੋ ਬਣ ਸਕਦਾ ਹੈ ਜੋ ਪਹਿਲੋਂ ਸੰਤ ਹੋਵੇ, ਹਰ ਸੰਤ ਬੀਰ ਹੁੰਦਾ ਹੈ। ਅਪਣਾ ਮਨ ਜਿਤੇ ਬਗੈਰ ਕੋਈ ਵੀ ਬੀਰ ਨਹੀਂ ਅਖਵਾ ਸਕਦਾ। ਜਗਤ ਦੀ ਜਿਤ



www.AKJ.Org

ਨਾਲੋਂ ਮਨ ਦੀ ਜਿੱਤ ਵਡੀ ਹੈ। ਜੇਕਰ ਤੁਹਾਡੇ ਅੰਦਰ ਟਿਕਾਉ ਹੈ ਬਾਹਰ ਆਪਣੇ ਆਪ ਹੋਵੇਗਾ। ਅੰਦਰਲੇ ਟਿਕਾਉ ਦੀ ਲੋੜ ਹੈ। ਲੋੜ ਹੈ ਮਨ ਦੀ ਦੌਲਤ ਨੂੰ ਸਾਂਭਣ ਦੀ। ਮਾਇਆ ਗਈ ਹੋਈ ਵਾਪਸ ਆ ਸਕਦੀ ਹੈ, ਮਨ ਦੀ ਦੌਲਤ ਨਹੀਂ। ਗੁਰੂ ਨਾਨਕ ਮਾਰਗ ਦਰਸ਼ਨ ਦਾ ਥੰਮ ਨਾਮ ਦੀ ਅੰਮ੍ਰਿਤਧਾਰਾ ਵਿਚ ਖਲੋਤਾ ਹੈ। ਸੰਸਾਰ ਬਿਖ ਰੂਪ ਮਾਇਆ ਨੇ ਕੀਤਾ ਹੈ। ਸੰਸਾਰ ਦੇ ਜਿਨੇ ਵੀ ਪਦਾਰਥ ਹਨ ਨਾਮ ਦੇ ਟਾਕਰੇ ਵਿਚ ਤੁਛ ਹਨ। ਸਚੇ ਨਾਮ ਦੀ ਪ੍ਰਾਪਤੀ ਪੂਰੇ ਗੁਰੂ ਦੀ ਅਗਵਾਈ ਤੋਂ ਹੁੰਦੀ ਹੈ। ਗੁਰੂ ਉਹੋ ਅਖਵਾ ਸਕਦਾ ਹੈ ਜੋ ਚਾਨਣ ਦਿਮਾਗ ਹੋਵੇ। ਹਰ ਕੋਈ ਗੁਰੂ ਨਹੀਂ ਹੋ ਸਕਦਾ। ਗੁਰੂ ਉਹੋ ਹੈ ਜਿਸ ਅੰਦਰ ਜਾਗਤ ਜੋਤ ਦਾ ਪਰਕਾਸ਼ ਹੈ ਜੋ ਇਸ ਦਾ ਪਰਕਾਸ਼ ਆਪਣੇ ਸਿਖਾਂ ਅੰਦਰ ਵੀ ਕਰ ਸਕਦਾ ਹੈ। ਗੁਰੂ ਨਾਨਕ ਦਾ ਰੱਬ ਸਤਵੇਂ ਅਕਾਸ਼ ਵਿਚ ਨਹੀਂ ਬੈਠਾ। ਉਹ ਤਾਂ 'ਸੇਵਕ ਕਉ ਨਿਕਟੀ ਹੋਇ ਦਿਖਾਵੈ' ਵਾਲਾ ਰੱਬ ਹੈ। ਉਹ ਬਹੁਤ ਹੀ ਨੇੜੇ ਹੈ ਪਰ ਲੋੜ ਹੈ ਆਪਣੇ ਮਨ ਦੀਆਂ ਮੁਹਾਰਾਂ ਉਸ ਵਲ ਮੋੜਨ ਦੀ। ਪਰ ਅਸੀਂ ਘੇਸਲ ਮਾਰ ਕੇ ਕੋਲੋਂ ਦੀ ਲੰਘ ਜਾਂਦੇ ਹਾਂ। ਗੁਰੂ ਨਾਨਕ ਦਾ ਰੱਬ ਨਿਰਗੁਣ, ਬ੍ਰਹਮ ਤੇ ਸਰਬ ਵਿਆਪਕ ਹੈ। ਸਾਰੇ ਜੀਵਾਂ ਵਿਚ ਰੋਸ਼ਨੀ ਉਸ ਅਕਾਲ ਪੁਰਖ ਦੀ ਹੈ।

ਸਭ ਮਹ ਜੋਤਿ ਜੋਤ ਹੈ ਸੋਇ
ਤਿਸ ਦੈ ਚਾਨਣਿ ਸਭ ਮਹਿ ਚਾਨਣ ਹੋਇ।

ਗੁਰੂ ਨਾਨਕ ਦਾ ਰੱਬ ਮਨੁਖੀ ਹਿਰਦੇ ਵਿਚ ਰਹਿੰਦਾ ਹੈ। ਪਰ ਮਿਲਦਾ ਉਸ ਨੂੰ ਹੈ ਜੋ ਅੰਦਰੋਂ ਬਾਹਰੋਂ ਇਕ ਹੋ ਜਾਵੇ। ਜੋ ਕੁਝ ਪਾਏ ਅੰਦਰੋਂ ਪਾਏ। ਜੋ ਕੁਝ ਕਵੇ ਅੰਦਰੋਂ ਕਵੇ। ਬਾਹਰ ਭਾਲਣ ਨਾ ਜਾਵੇ। ਪਰਪਕ ਦਿਰੜ ਵਿਸਵਾਸ਼ ਤੇ ਗੁਰੂ ਭਗਤੀ ਦੀ ਲੋੜ ਪਰਮੇਸ਼ਰ ਦਾ ਦਰਸ਼ਨ ਕਰਵਾ ਸਕਦੀ ਹੈ। ਸ਼ਬਦ ਇਸ ਲਈ ਸਾਧਨ ਹੈ। ਸ਼ਬਦ ਗੁਰੂ ਹੈ। ਸੁਰਤ ਤੇ ਧੁਨ ਚੇਲਾ ਹੈ। ਸ਼ਬਦ ਦਾ ਸਾਰੇ ਪਾਸੇ ਪਰਕਾਸ਼ ਹੈ। ਬਿਨਾ ਸ਼ਬਦ ਤੋਂ ਜੱਗ ਬੋਰਾ ਹੈ।

ਸ਼ਬਦ ਗੁਰ ਪੀਰਾ ਗਹਿਰ ਗੰਭੀਰਾ,
ਬਿਨ ਸਬਦੈ ਜਗ ਬਉਰਾਨੰ।
ਸਬਦੋ ਧਰਤੀ ਸਬਦ ਅਕਾਸ।
ਸਬਦੋ ਸਬਦ ਹੋਆ ਪਰਗਾਸ।

ਸਾਰੇ ਬ੍ਰਹਿਮੰਡ ਤੇ ਅਕਾਸ਼ ਵਿਚ ਸ਼ਬਦ ਦਾ ਨਾਦ ਸੁਣਾਈ ਦੇ ਰਿਹਾ ਹੈ। ਸ਼ਬਦ ਗੁਰੂ ਹੈ। ਸ਼ਬਦ ਦਾ ਇਸ਼ਨਾਨ ਸਭ ਤੋਂ ਵਡਾ ਇਸ਼ਨਾਨ ਹੈ। ਗੁਰੂ ਨਾਨਕ ਨੇ ਸ਼ਬਦ ਦੇ ਜ਼ੋਰ ਨਾਲ ਸਿੱਧ ਮੰਡਲੀ ਨੂੰ ਜਿਤਿਆ। ਸ਼ਬਦ ਦੁਆਰਾ ਸਿਧਾਂ ਵਿਚ ਸ਼ਾਂਤੀ ਆਈ 'ਸਬਦ ਸਾਂਤ ਸਿਧਾਂ ਵਿਚ ਆਈ।'

ਗੁਰੂ ਨਾਨਕ ਦਾ ਧਰਮ ਬੁਰਿਆਈ ਵਲੋਂ ਮੂੰਹ ਮੋੜ ਲੈਣ ਦਾ ਉਪਦੇਸ਼ ਨਹੀਂ ਦਿੰਦਾ। ਸਗੋਂ ਇਹ ਤਾਂ ਦਸਦਾ ਹੈ ਕਿ ਬੁਰਿਆਈ ਦਾ ਟਾਕਰਾ ਕਰਕੇ ਸਫਲ ਕਿਵੇਂ ਹੋਈਦਾ ਹੈ। ਬੁਰਿਆਈ ਉਤੇ ਜਿਤ ਕਿਵੇਂ ਪਾਈਦੀ ਹੈ। ਗੁਰੂ ਨਾਨਕ ਅਨੁਸਾਰ ਦੁਨੀਆਂ ਦੇ ਝਗੜੇ ਹਉਮੈਂ ਕਰਕੇ ਹਨ। ਸੰਸਾਰ ਵਿਚ ਕਲਹ ਬੁਰੀ ਹੈ। ਸੰਸਾਰ ਹਉਮੈਂ ਵਿਚ ਖਪਦਾ ਜਾ ਰਿਹਾ ਹੈ। ਹਉਮੈਂ ਰੋਗ ਦੀ ਦਵਾਈ ਨਾਮ ਹੈ। ਨਾਮ ਜਪਣ ਨਾਲ ਹਿਰਦਾ ਸੁਧ ਹੋ ਸਕਦਾ ਹੈ। ਗਲਾਂ ਬਾਤਾਂ ਨਾਲ ਨਹੀਂ। ਨਾਮ ਜਪਣ ਨਾਲ ਸਾਰਾ ਸੰਸਾਰ ਟੱਬਰ ਭਾਸਣ ਲਗ ਪੈਂਦਾ ਹੈ। ਜੀਵ ਦਾ ਛੁਟਕਾਰਾ ਉਸੇ ਹਾਲਤ ਵਿਚ ਹੈ ਜਦੋਂ ਨਾਮ ਦਾ ਮਜੀਠੀ ਰੰਗ ਇਸ ਨੂੰ ਚੜ੍ਹ ਗਿਆ ਤੇ ਇਹ ਤਦੋਂ ਹੀ ਆਈ ਪੰਥੀ ਵਾਲਿਆਂ ਨਾਲ ਰਲ ਕੇ ਸਗਲ ਜਮਾਤੀ ਬਣ ਸਕਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਾਇਆ ਵਿਚ ਨਿਰਲੇਪ ਰਹਿਣਾ ਅਸਲ ਜੋਗ ਹੈ।

ਜੋਗ ਨ ਖਿੰਥਾ ਜੋਗ ਨ ਡੰਡੇ
ਜੋਗ ਨ ਭਸਮ ਚੜਾਈਐ।
ਅੰਜਨ ਮਾਹਿ ਨਿਰੰਜਨ ਰਹੀਐ
ਜੋਗ ਜੁਗਤ ਇਵ ਪਾਈਐ।
ਗਲੀ ਜੋਗ ਨ ਹੋਈ।
ਏਕ ਦ੍ਰਿਸਟ ਸਮਸਰ ਕਰ ਜਾਣੈ
ਜੋਗੀ ਕਹੀਐ ਸੋਈ।



www.AKJ.Org

ਆਤਮ ਤਿਆਗ ਜਾਂ ਹਉਮੈਂ ਭਾਵ ਗੁਆਏ ਬਾਝੋਂ ਗਤੀ ਕੋਈ ਨਹੀਂ। ਅਪਣਾ ਆਪ ਰੱਬ ਦੇ ਹਵਾਲੇ ਕਰ ਦੇਣਾ ਅਸਲ ਜੋਗ ਹੈ। ਸੰਸਾਰ ਦਾ ਰਟਨ ਕਰਨਾ, ਠੰਢੇ ਪਾਣੀ ਵਿਚ ਖਲੋਣਾ, ਪੁੱਠਾ ਲਟਕਣਾ, ਵਰਤ ਧਾਰਨੇ, ਮੋਨ ਰਹਿਣਾ, ਸੂਤਕ ਤੇ ਜਨੇਊ, ਮੂਰਤੀ ਪੂਜਾ, ਜਾਤ-ਪਾਤ, ਕਰਮਕਾਂਡ, ਅੱਗ ਵਿਚ ਸੜਨਾ ਕੋਈ ਆਤਮਕ ਗੁਣ ਨਹੀਂ ਹਨ। ਇਨ੍ਹਾਂ ਦਾ ਆਤਮਾ ਤੇ ਕੋਈ ਅਸਰ ਨਹੀਂ ਪੈਂਦਾ। ਗ੍ਰਿਸਤ ਵਿਚ ਉਦਾਸ ਰਹਿਣਾ ਅਸਲ ਜੋਗ ਹੈ। ਸੰਸਾਰ ਦੀਆਂ ਜ਼ਿਮੇਵਾਰੀ ਤੋਂ ਅੱਖਾਂ ਨਹੀਂ ਮੀਟ ਲੈਣੀਆਂ ਚਾਹਦੀਆਂ। ਨਾ ਹੀ ਸੰਸਾਰਕ ਕੰਮਾਂ ਵਿਚ ਖਚਤ ਹੋ ਜਾਣਾ ਯੋਗ ਹੈ। ਗੁਰੂ ਨਾਨਕ ਮਾਰਗ ਦਰਸ਼ਨ ਅਨੁਸਾਰ ਇਸਤਰੀ ਜੋ ਰਾਜਿਆਂ ਮਹਾਰਾਜਿਆਂ ਦੀ ਜਨਮ ਦਾਤੀ ਹੈ, ਨੂੰ ਮੰਦਾ ਆਖਣਾ ਰੱਬ ਦਾ ਤ੍ਰਿਸਕਾਰ ਹੈ। ਗੁਰੂ ਜੀ ਨੇ ਇਸਤਰੀ ਨੂੰ ਮੁਕੰਮਲ ਸਮਾਜਕ ਪਦਵੀ ਦਿਤੀ। ਤੁਲਸੀ, ਕਬੀਰ, ਫ਼ਰੀਦ ਤੇ ਪੀਲੂ ਵਾਂਗ ਗੁਰੂ ਨਾਨਕ ਜੀ ਨੇ ਇਸਤਰੀ ਨੂੰ ਭੰਡਿਆ ਨਹੀਂ। ਗੁਰੂ ਨਾਨਕ ਜੀ ਨੇ ਸਮਾਜਕ ਅਵਸਥਾ ਨੂੰ ਉੱਚੀ ਕਰਨ ਲਈ ਨਵਾਂ ਮੋੜ ਕਟਿਆ ਹੈ।

ਗੁਰੂ ਨਾਨਕ ਮਾਰਗ ਦਰਸ਼ਨ ਦੁਨੀਆਂ ਵਿਚ ਰਹਿੰਦੇ ਹੋਏ ਇਸ ਵਿਚ ਖਚਤ ਨਾ ਹੋ ਜਾਓ। ਸੰਸਾਰ ਦੀਆਂ ਜ਼ਿਮੇਂਵਾਰੀਆਂ ਵੀ ਨਿਭਾਉ ਅਤੇ ਪਾਰਬ੍ਰਹਮ ਵਲ ਲਿਵ ਵੀ ਲਾ ਕੇ ਰਖੋ। ਹੱਥ ਕਾਰ ਵਲ ਦਿਲ ਯਾਰ ਵਲ। ਗਰਿਸਤ ਵਿਚ ਰਹਿੰਦੇ ਹੋਏ ਜਪੋ। ਇਹ ਰਾਜ ਜੋਗ ਦੀ ਨਵੀਂ ਦੇਣ ਹੈ ਜੋ ਗੁਰੂ ਨਾਨਕ ਜੀ ਨੇ ਦਿਤੀ। ਆਪ ਵੀ ਜਪੋ ਹੋਰਨਾਂ ਨੂੰ ਵੀ ਜਪਾਓ। ਗੁਰੂ ਨਾਨਕ ਮਾਰਗ ਦਰਸ਼ਨ ਜਾਤੀ ਵੀ ਹੈ ਜਮਾਤੀ ਵੀ। ਪਰਾਇਆ ਹੱਕ ਹਿੰਦੂਆਂ ਲਈ ਗਊ ਦਾ ਮਾਸ ਖਾ ਲੈਣ ਬਰਾਬਰ ਹੈ, ਮੁਸਲਮਾਨਾਂ ਲਈ ਸੂਰ ਦੇ ਸਮਾਨ। ਹੱਕ ਹਲਾਲ ਦੀ ਰੋਟੀ ਕਿਰਤ ਕਮਾਈ ਨਾਲ ਪੈਦਾ ਕੀਤੀ ਜਾਵੇ। ਨਿਰਾ ਕਿਰਤੀ ਹਾਨੀਕਾਰਕ ਤੇ ਲਾਲਚੀ ਬਣ ਸਕਦਾ ਹੈ, ਕਿਰਤ ਨਾਲ ਨਾਮ ਦੇ ਜਾਪ ਦੀ ਲੋੜ ਹੈ। ਵੰਡ ਕੇ ਛਕਣ ਦੀ ਲੋੜ ਹੈ। ਵੰਡ ਕੇ ਛਕੋਗੇ ਲੁਟ ਖਸੁਟ ਨਹੀਂ ਹੋਵੇਗੀ। ਸਮਾਜਕ ਢਾਂਚੇ ਵਿਚ ਜੁਗ ਗਰਦੀ ਨਹੀਂ ਆਵੇਗੀ।

ਗੁਰੂ ਨਾਨਕ ਜੀ ਦੇ ਕਹੇ ਅਨੁਸਾਰ ਮੁਹੰਮਦ ਤਾਂ ਲੱਖਾਂ ਕਰੋੜਾਂ ਹਨ, ਪਰ ਰੱਬ ਇਕ ਹੈ। ਉਹ ਦੇਵੀ ਦੇਵਤਿਆਂ ਦੀਆਂ ਸ਼ਕਤੀਆਂ ਦਾ ਜੋੜ ਰੂਪ ਨਹੀਂ ਸਗੋਂ ਸਾਰੀਆਂ ਸ਼ਕਤੀਆਂ ਉਸ ਤੋਂ ਬਣੀਆਂ ਹਨ। ਰੱਬ ਪਹਿਲੇ ਹੈ ਸ਼ਕਤੀਆਂ ਬਾਦ ਵਿਚ। ਹਿੰਦੂ ਧਰਮ ਅਨੁਸਾਰ ਰੱਬ ਸ਼ਕਤੀਆਂ ਦਾ ਜੋੜ ਰੂਪ ਹੈ। ਗੁਰੂ ਨਾਨਕ ਜੀ ਦਾ ਰੱਬ ਅਦੁਤੀ ਹੈ। ਉਹ ਭੈ ਰਹਿਤ ਹੈ। ਜਨਮ ਮਰਨ ਰਹਿਤ ਹੈ। ਸ਼ਖਸੀ ਤੇ ਦਇਆਲੂ ਹੈ। ਉਹ ਕਿਸੇ ਮੰਦਰ ਜਾਂ ਮੂਰਤੀ ਵਿਚ ਕੈਦ ਨਹੀਂ। ਕਿਸੇ ਕਾਅਬੇ ਵਿਚ ਬੰਦ ਨਹੀਂ। ਉਹ ਤਾਂ ਸਰਬ ਵਿਆਪਕ ਹੈ। ਉਹ ਤਾਂ ਉਥੇ ਹੈ ਜਿਥੇ ਹਿਰਦਾ ਸ਼ੁਧ ਹੈ। ਮਨੁਖ ਨੂੰ ਅਪਣਾ ਮੂਲ ਪਛਾਣਨ ਦੀ ਲੋੜ ਹੈ।

ਗੁਰੂ ਨਾਨਕ ਮਾਰਗ ਦਰਸ਼ਨ ਦੀ ਸਭ ਤੋਂ ਵਡੀ ਕਰਾਮਾਤ ਬਾਣੀ ਦਾ ਜਹਾਜ਼ ਹੈ। ਸਚੇ ਨਾਮ ਬਾਝੋਂ ਹੋਰ ਕੋਈ ਕਰਾਮਾਤ ਨਹੀਂ। ਸਤਨਾਮ ਬਿਨਾਂ ਸਭ ਕੁਝ ਬੱਦਲ ਦੀ ਛਾਉਂ ਵਾਂਗ ਹੈ। ਸਰੀਰ ਦੁਖਾਂ ਦਾ ਘਰ ਨਹੀਂ, ਇਹ ਜੱਗ ਸਚੇ ਦੀ ਕੋਠੜੀ ਹੈ। ਇਸ ਵਿਚ ਸਚੇ ਦਾ ਵਾਸ ਹੈ। ਪ੍ਰਭੂ ਦੀ ਕਲਮ ਅੰਨੇਵਾਹ ਨਹੀਂ ਚਲਦੀ। ਮਨੁਖ ਨੇ ਜੋ ਕਰਮ ਕੀਤੇ ਹਨ ਉਹਨਾਂ ਦਾ ਫਲ ਅਵੱਸ਼ ਮਿਲੇਗਾ ਪਰੰਤੂ ਜੇਕਰ ਗਰੂ ਚਾਹੇ ਪਾਪਾਂ ਦੀਆਂ ਜੜ੍ਹਾਂ ਕਟ ਸਕਦਾ ਹੈ। ਲੇਖੇ ਨਾਲ ਛੁਟਿਆ ਨਹੀਂ ਜਾ ਸਕਦਾ। ਗੁਰੂ ਦੀ ਬਖ਼ਸ਼ਿਸ਼ ਦੀ ਲੋੜ ਹੈ। ਸਭ ਕੁਝ ਬਖਸ਼ਨਹਾਰ ਦੇ ਹੱਥ ਹੈ। ਗੁਰੂ ਬੇੜੀ ਹੈ, ਗੁਰੂ ਪੌੜੀ ਹੈ, ਇਸ ਤੇ ਚੜ੍ਹ ਕੇ ਪਾਰਬ੍ਰਹਮ ਦੇ ਦਰਸ਼ਨ ਹੋ ਸਕਦੇ ਹਨ। ਦੇਵੀ ਦੇਵਤੇ ਰੱਬ ਨਹੀਂ ਹਨ। ਹਰੀ ਪ੍ਰਮਾਤਮਾ ਬਿਨਾਂ ਸਭ ਕੁਝ ਮੈਲਾ ਹੈ। ਸੰਗਤ ਤੇ ਬਾਣੀ ਬਿਨਾਂ ਦੂਜੀ ਓਟ ਕੋਈ ਨਹੀਂ। ਸ਼ਬਦ ਦੀ ਪ੍ਰੀਤ ਨਾਲ ਸੱਚੇ ਸੁਖ ਦੀ ਪਰਾਪਤੀ ਹੋ ਸਕਦੀ ਹੈ। ਨਾਮ ਜੀਵਨ ਲੀਲਾ ਦਾ ਮੁਢ ਹੈ। ਨਾਮ ਲਾਹਾ ਹੈ। ਜੀਵ ਦਾ ਛੁਟਕਾਰਾ ਉਸੇ ਹਾਲਤ ਵਿਚ ਹੈ ਜਦੋਂ ਇਹ ਮਿਹਰ ਦੀ ਮਸੀਤ ਵਿਚ ਸਿਦਕ ਦਾ ਮੁਸੱਲਾ ਵਿਛਾ ਕੇ ਬੈਠੇ। ਖਿੰਥਾ (ਗੋਦੜੀ) ਕਾਲ ਦੀ ਪਾ ਲਵੇ। ਕਾਇਆਂ ਨੂੰ



www.AKJ.Org

ਪਲੀਤ ਨਾ ਹੋਣ ਦੇਵੇ, ਕੁਆਰੀ ਰਖੇ। ਜੁਗਤ ਦਾ ਡੰਡਾ ਹੱਥ ਵਿਚ ਫੜ ਲਏ। ਗੁਰ ਸ਼ਬਦ ਦੀ ਪਰਤੀਤ ਧਾਰੇ। ਸੱਚਾ ਮੁਸਲਮਾਨ ਬਣਨਾ ਬੜਾ ਔਖਾ ਹੈ। ਸੱਚਾ ਮੁਸਲਮਾਨ ਉਹੋ ਹੋ ਸਕਦਾ ਹੈ ਜਿਸ ਦਾ ਨੱਕ ਨਬੀ ਹੈ। ਕਲਾਮ ਕਲਮਾ ਹੈ, ਹੱਥ ਹਜ਼ਰਤ ਹਨ, ਮਨ ਮੱਕਾ ਹੈ। ਦਿਲ ਕਾਅਬਾ ਹੈ, ਨਾਨਕ ਨਿਰਮਲ ਪੰਥ ਦੇ ਧਾਰਨੀ ਗੁਰਮੁਖ ਨੂੰ ਮੱਕੇ ਦੇ ਹੱਜ ਦੀ ਲੋੜ ਨਹੀਂ, ਨਾ ਗੰਗਾ ਜਾਂ ਬਨਾਰਸ ਜਾਣ ਦੀ ਲੋੜ ਹੈ। ਗੁਰਮੁਖ ਲਈ ਗੰਗਾ ਜਲ ਗੋਬਿੰਦ ਨਾਮ ਹੈ। ਹਿੰਦੂ ਮਤ ਅਨੁਸਾਰ 'ਦਖਣ ਦੇਸ਼ ਹਰੀ ਕਾ ਬਾਸਾ' ਭਾਵ ਪਰਮਾਤਮਾ ਦਖਣੀ ਤੀਰਥਾਂ ਉਤੇ ਹੈ। ਇਸਲਾਮ ਵਾਲੇ ਆਖਦੇ ਹਨ—'ਪਛਮ ਅਲਹੁ ਮੁਕਾਮਾ' ਅੱਲਾ ਦਾ ਮੁਕਾਮ ਪੱਛਮ ਵਿਚ ਭਾਵ ਮੱਕੇ ਹੈ। ਗੁਰੂ ਨਾਨਕ ਜੀ ਦੀ ਆਵਾਜ਼ ਸਰਬ ਸੰਸਾਰੀ ਹੈ। ਉਹ ਹਰ ਥਾਂ ਹੈ ਜੋਤ ਸਰੂਪ ਨੂੰ ਜਿਥੇ ਚਾਹੇ ਪਾ ਲਓ। ਲੋੜ ਹੈ ਅਪਣਾ ਮੂਲ ਪਛਾਨਣ ਦੀ।

ਨ ਕੋ ਹਿੰਦੂ ਨ ਮੁਸਲਮਾਨ।

ਬਾਹਰਲੇ ਭੇਖਾਂ ਦੀ ਲੋੜ ਨਹੀਂ। ਸੱਚ ਤਾਂ ਉੱਚਾ ਹੈ ਪਰੰਤੂ ਸੱਚ ਤੋਂ ਵੀ ਉੱਚੀ ਹੈ ਸੱਚੀ ਰਹਿਣੀ। ਅੰਤਰੀਵੀ ਪਵਿਤਰਤਾ ਦੀ ਲੋੜ ਹੈ। ਗੁਰੂ ਨਾਨਕ ਨੇ ਭੇਡ ਚਾਲ ਤੇ ਭੇਖਾਚਾਰ ਨੂੰ ਰੱਦ ਕੀਤਾ। ਆਚਰਨਕ ਉਸਾਰੀ ਉਤੇ ਜ਼ੋਰ ਦਿਤਾ। ਕਰਮ ਕਾਂਡ ਤੇ ਵਿਖਾਵੇ ਫਜ਼ੂਲ ਹਨ। ਗੁਰੂ ਨਾਨਕ ਮਾਰਗ ਦਰਸ਼ਨ ਸਚ ਦਾ ਹੋਕਾ ਹੈ। ਪ੍ਰਭੂ ਘਰ ਬੈਠਿਆਂ ਮਿਲਦਾ ਹੈ ਜੇਕਰ ਨੀਯਤ ਰਾਸ ਹੈ। ਕਰਨੀ ਕਾਅਬਾ ਹੋਣੀ ਚਾਹੀਦੀ ਹੈ। ਸ਼ਰ੍ਹਾ ਮਿਹਨਤ ਹੋਵੇ। ਸ਼ਹਿਨਸੀਲਤਾ ਇਸ ਦੇ ਰੋਜ਼ੇ ਹਨ। ਪਰਮਾਤਮਾ ਨਾਲ ਅਭੇਦ ਹੋਣ ਦਾ ਸਾਧਨ ਅੰਤਰੀਵੀ ਲਿਵ ਤੇ ਧਿਆਨ ਹੈ। ਸਿਮਰਨ ਨਾਲ ਮਾਇਆ ਦਾ ਪਿਆਰ ਜ਼ਾਂਦਾ ਰਹਿੰਦਾ ਹੈ। ਗੁਰਮੁਖ ਜੋਤ ਨਿਰੰਤਰ ਨੂੰ ਪਾ ਲੈਂਦਾ ਹੈ। ਗਿਆਨ ਮਾਰਗ ਵਿਚ ਕਰਮਾਂ ਬਗੈਰ ਸਰ ਨਹੀਂ ਸਕਦਾ। ਕਰਮ ਮਾਰਗ ਉਤੇ ਟੁਰਨ ਵਾਲਿਆਂ ਲਈ ਨਾਮ ਦੀ ਟੇਕ ਜ਼ਰੂਰੀ ਹੈ। ਕਰਮਾਂ ਨਾਲ ਸਰੀਰ ਮਿਲਦਾ ਹੈ। ਮੁਕਤੀ ਨਹੀਂ। ਸਹਿਜ ਅਵਸਥਾ ਨਾਲ ਅਸਲੀ ਟਿਕਾਉ ਆਉਂਦਾ ਹੈ। ਜਗਿਆਸੂ ਨੂੰ ਸਿਦਕ ਵਿਚ ਕਾਇਮ ਰਹਿਣਾ ਚਾਹੀਦਾ ਹੈ। ਹੱਠ ਜੋਗ ਦਾ ਪੰਥ ਹਉਮੈਂ ਪੈਦਾ ਕਰਦਾ ਹੈ। ਰਿਧੀਆਂ ਸਿੱਧੀਆਂ ਨਾਮ ਦੇ ਰਸਤੇ ਵਿਚ ਭਾਰੀ ਰੁਕਾਵਟ ਹਨ। ਰਿਧ ਸਿੱਧ ਨਾਲ ਆਯੂ ਲੰਮੀ ਹੋ ਸਕਦੀ ਹੈ, ਸੰਸਾਰ ਦੇ ਪਦਾਰਥ ਮਿਲ ਸਕਦੇ ਹਨ ਪਰ ਇਹ ਉਲਟਾ ਹਉਮੈ ਪੈਦਾ ਕਰਦੀਆਂ ਹਨ। ਹਉਮੈਂ ਰੱਬ ਤੋਂ ਦੂਰ ਲੈ ਜਾਂਦੀ ਹੈ। ਮੁਕਤੀ ਨਾਮ ਸਿਮਰਨ ਨਾਲ ਹੋ ਸਕਦੀ ਹੈ। ਗੁਰਮਤ ਮੁਤਾਬਕ ਜੀਵਾਂ ਦਾ ਪਾਪਾਂ ਤੋਂ, ਕਰਮ ਚਕਰ ਤੋਂ ਛੁਟਕਾਰਾ ਉਸੇ ਹਾਲਤ ਵਿਚ ਹੋ ਸਕਦਾ ਹੈ ਜੇਕਰ ਇਹ ਮੰਦੇ ਕਰਮਾਂ ਤੋਂ ਪਸ਼ਚਾਤਾਪ ਕਰੇ, ਤੋਬਾ ਕਰੇ, ਵਾਹਿਗੁਰੂ ਦੀ ਸਿਫਤ ਸਲਾਹ ਕਰੇ। ਵਾਹਿਗੁਰੂ ਦੀ ਸਿਫਤ ਸਲਾਹ ਦਾ ਸਭ ਤੋਂ ਚੰਗਾ ਸਾਧਨ ਕੀਰਤਨ ਹੈ। ਸਾਧ ਸੰਗਤ ਉਹ ਹੈ ਜਿਥੇ ਨਾਮ ਦਾ ਜਾਪ ਤੇ ਸਿਫ਼ਤ ਸਲਾਹ ਹੈ। ਸੰਗਤ ਦਾ ਮੀਲ ਪੱਥਰ ਗੁਰੂ ਨਾਨਕ ਦੇਵ ਜੀ ਨੇ ਰਖਿਆ। ਸੰਗਤ ਤੇ ਬਾਣੀ ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਵੱਡੀ ਕਰਾਮਾਤ ਹੈ। ਇਸੇ ਕਰਾਮਾਤ ਨੇ ਠੱਗਾਂ ਨੂੰ ਸੱਜਣ ਬਣਾਇਆ ਤੇ ਜੀਵਨ ਜਾਚ ਦੱਸੀ। ਗੁਰੂ ਜੀ ਜਿਥੇ ਵੀ ਗਏ ਗੁਰਦੁਆਰੇ ਬਣਾਏ, ਸੰਗਤਾਂ ਕਾਇਮ ਕੀਤੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸੰਗਤ ਪੰਥ ਦਾ ਰੂਪ ਧਾਰ ਗਈ, ਬਾਣੀ ਗਰੰਥ ਦਾ। ਇਉਂ ਖਾਲਸਾ ਪੰਥ ਜੁਗੋ ਜੁਗ ਅਟੱਲ ਹੋਇਆ। ਗੁਰੂ ਨਾਨਕ ਮਾਰਗ ਦਰਸ਼ਨ ਨੇ ਸੰਤਾਂ ਨੂੰ ਸਿਪਾਹੀ, ਸਿਪਾਹੀਆਂ ਨੂੰ ਸੰਤ ਬਣਾਇਆ। ਸੰਸਾਰ ਦੇ ਇਤਿਹਾਸ ਵਿਚ ਇਹ ਗੁਰੂ ਨਾਨਕ ਮਾਰਗ ਦਰਸ਼ਨ ਦੀ ਸਭ ਤੋਂ ਵਡੀ ਕਰਾਮਾਤ ਸੀ। ਅਦੁਤੀ ਇਨਕਲਾਬ ਸੀ, ਵਿਸ਼ੇਸ਼ ਭਾਂਤ ਦਾ ਆਤਮਕ ਦਰਸ਼ਨ ਸੀ। ਭਗਤੀ ਸ਼ਕਤੀ ਦਾ ਸੁਚੱਜਾ ਮੇਲ ਸੀ ਜਿਸ ਨੇ ਭਾਰਤ ਦੇ ਸਮੁਚੇ ਇਤਿਹਾਸ ਦੇ ਰੁਖ਼ ਨੂੰ ਬਦਲ ਦਿਤਾ। ਗੁਰੂ ਨਾਨਕ ਮਾਰਗ ਅਜ ਵੀ ਗਤੀਸ਼ੀਲ, ਸਜਰਾ, ਨਵਾਂ ਨਰੋਆ ਤੇ ਅਗਾਂਹ ਵਧੂ ਹੈ ਜਿਵੇਂ ਪਹਿਲਾਂ ਬੀਤ ਜਾਣ ਤੇ ਵੀ ਗੁਰੂ ਨਾਨਕ ਮਾਰਗ ਦਰਸ਼ਨ ਅਜ ਵੀ ਧਰੂਅ ਤਾਰੇ


www.AKJ.Org

ਵਾਂਗ ਲੱਖਾਂ ਭਟਕਦੇ ਸੰਸਾਰ ਸਮੁੰਦਰ ਵਿਚ ਗੋਤੇ ਖਾਂਦੇ ਪ੍ਰਾਣੀਆਂ ਨੂੰ ਮੁਕੰਮਲ ਸੇਧ ਦੇ ਰਿਹਾ ਹੈ। ਡਾਕਟਰ ਸਰ ਮੁਹੰਮਦ ਇਕਬਾਲ ਜੀ ਦੇ ਸ਼ਬਦ—'ਫਿਰ ਉਠੀ ਆਖ਼ਰੀ ਸਦਾਅ ਤੌਹੀਦ ਕੀ ਪੰਜਾਬ ਸੇ। ਹਿੰਦ ਕੋ ਇਕ ਮਰਦ ਕਾਮਲ ਨੇ ਜਗਾਇਆ ਖ਼ਾਬ ਸੇ।' ਗੁਰੂ ਨਾਨਕ ਮਾਰਗ ਦਰਸ਼ਨ ਦੀ ਸਰਬ ਵਿਆਪਕਤਾ ਇਸ ਦੇ ਲੋਕ ਪ੍ਰਿਅ ਹੋਣ ਤੇ ਸਰਬ ਸ਼ਕਤੀਮਾਨ ਹੋਣ ਦੀ ਪੁਸ਼ਟੀ ਕਰਦੇ ਹਨ।

ਗੁਰੂ ਨਾਨਕ ਮਾਰਗ ਦਰਸ਼ਨ ਨੂੰ ਅਮਲੀ ਰੂਪ ਦੇਣ ਲਈ ਸਿਖ ਗੁਰੂਆਂ ਨੇ ਅਨੇਕਾਂ ਅਮਲੀ ਘਾਲਣਾਂ ਘਾਲੀਆਂ। ਅਟੁੱਟ ਸਿਦਕ, ਸ਼ਹਾਦਤਾਂ ਤੇ ਲੰਮੇ ਸੰਗਰਾਮ ਲੜਨ ਪਿਛੋਂ ਇਸ ਦੀ ਰੂਪ ਰੇਖਾ ਘੜੀ ਗਈ। ਤਦ ਕਿਤੇ ਬਿਰਛ ਫਲ ਦੇਣ ਜੋਗਾ ਹੋਇਆ। ਇਤਿਹਾਸ ਦੀ ਲੰਮੀ ਕਹਾਣੀ ਇਸ ਦੇ ਪਿਛੋਕੜ ਵਿਚ ਚਲੀ ਆ ਰਹੀ ਹੈ। ਨਾਨਕ ਨਿਰਮਲ ਪੰਥ ਦੇ ਪ੍ਰਭਾਵ, ਇਸ ਦੇ ਪਸਾਰ, ਵਿਕਾਸ ਤੇ ਸਿਟਿਆਂ ਦਾ ਅੰਦਾਜ਼ਾ ਇਸ ਗਲ ਤੋਂ ਨਹੀਂ ਲਾ ਲੈਣਾ ਚਾਹੀਦਾ ਕਿ ਗੁਰੂ ਨਾਨਕ ਦੇ ਸਿਖਾਂ ਕੋਲ ਕਿੰਨੇ ਫ਼ੰਡ, ਬਜਟ ਤੇ ਕਮੇਟੀਆਂ ਹਨ ਸਗੋਂ ਇਸ ਪਰਮ ਸਚਾਈ ਤੋਂ ਲਾਉਣਾ ਚਾਹੀਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਿੰਨੀਆਂ ਮਹਾਨ ਅਮਲੀ ਜੀਵਨ ਵਾਲੀਆਂ ਸ਼ਖਸੀਅਤਾਂ ਪੈਦਾ ਕੀਤੀਆਂ ਹਨ। ਮਹਾਨ ਸ਼ਖ਼ਸੀਅਤਾਂ ਹੀ ਕਿਸੇ ਵਿਚਾਰਧਾਰਾ ਦਾ ਸਫਲ ਮਾਪ ਹੁੰਦੀਆਂ ਹਨ। ਗੁਰਮੁਖ ਗਾਡੀ ਰਾਹ ਦਾ ਮਾਰਿਆ ਸਿੱਕਾ ਭੁਲ ਭੁਲਈਆਂ, ਸੰਸਾਰ ਦੇ ਘੁੰਮਣਘੇਰ ਵਿਚ ਪੱਥ ਪਰਦਰਸ਼ਕ, ਪੱਕਾ ਤੇ ਪੀਡਾ ਹੈ, ਕਿਸੇ ਭੁਲੇਖੇ ਦੀ ਸੰਭਾਵਨਾ ਨਹੀਂ।

ਮਾਰਿਆ ਸਿਕਾ ਜਗਤ ਵਿਚ
ਨਾਨਕ ਨਿਰਮਲ ਪੰਥ ਚਲਾਇਆ।

—o—


# ਦਮੇਂ ਦੇ ਭਿਆਨਕ ਰੋਗ ਤੋਂ ਛੁਟਕਾਰਾ

**ਦਮਾ ਸਾਹ ਦਾ ਚੜ੍ਹਨਾ, ਬਲਗਮੀ ਖਾਂਸੀ, ਨਜ਼ਲਾ, ਜ਼ੁਕਾਮ, ਕਾਲੀ ਖ਼ਾਂਸੀ ਦੇ ਰੋਗਾਂ ਦਾ ਇਲਾਜ ਤਸੱਲੀ-ਬਖ਼ਸ਼ ਕੀਤਾ ਜਾਂਦਾ ਹੈ।**

ਖ਼ਾਨਦਾਨੀ ਹਕੀਮ ਸੌ ਸਾਲਾ ਬਜ਼ੁਰਗਾਂ ਦੇ ਅਜ਼ਮੂਦਾ ਨੁਸਖ਼ਿਆਂ ਨਾਲ ਇਲਾਜ ਹੁੰਦਾ ਹੈ। ਦਮੇਂ ਦੇ ਰੋਗੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ। ਸਾਡੀ ਤਿਆਰ ਕੀਤੀ ਹੋਈ ਦਵਾ ਇਹਨਾਂ ਰੋਗਾਂ ਨੂੰ ਜੜ੍ਹੋਂ ਪੁਟ ਸਕਦੀ ਹੈ। ਇਹ ਦਵਾਈ ਪਹਿਲੇ ਦਿਨ ਹੀ ਆਪਣਾ ਅਸਰ ਦਿਖਾਂਦੀ ਹੈ।

ਹੇਠ ਲਿਖੇ ਪਤੇ ਤੇ ਮਿਲੋ ਜਾਂ ਚਿੱਠੀ ਪਤਰ ਰਾਹੀਂ ਦਵਾਈ ਮੰਗਾ ਸਕਦੇ ਹੋ।

## * ਕਟਾਰੀਆ ਸ਼ਫ਼ਾਖ਼ਾਨਾ *

**ਪੀਲੀ ਸੜਕ, ਰਾਘੋਮਾਜਰਾ, ਪਟਿਆਲਾ**

ਨੋਟ:—ਸਾਡੇ ਨਾਲ ਮਿਲਦੇ ਜੁਲਦੇ ਕਈ ਧੋਖੇਬਾਜ਼ਾਂ ਨੇ ਬੋਰਡ ਲਾ ਰਖੇ ਹਨ, ਇਨ੍ਹਾਂ ਨਕਲਚੀਆਂ ਤੋਂ ਬਚੋ।




www.AKJ.Org

# ਗੁਰਮਤਿ ਪ੍ਰਚਾਰ ਦੌਰੇ ਦਾ ਵਰਨਣ

ਵਲੋਂ :

ਪ੍ਰਿੰਸੀਪਲ ਮੇਹਰ ਸਿੰਘ ਜੀ, ਡੇਹਰਾਦੂਨ

*

ਸਰਬ ਕਲਾ ਸਮਪੱਨ ਅਕਾਲ ਪੁਰਖ ਜਿਥੇ ਸਰਬ ਸ਼ਕਤੀਮਾਨ ਹੈ ਉਥੇ ਉਹ ਸਰਬ ਵਿਆਪਕ ਵੀ ਹੈ। ਉਸ ਦੀ ਹੋਂਦ ਬਾਰੇ "ਕਿਉਂ ਤੇ ਕੈਸੇ" ਕਰਨਾ ਮਨੁਖ ਦੇ ਮਨ ਵਲੋਂ ਹਉਮੈਂ ਦੀ ਢੀਠਾਈ ਦਾ ਸਬੂਤ ਹੈ। ਜਦ ਉਹ ਸਰਬ ਵਿਆਪੀ ਜੋਤਿ ਜ਼ੱਰੇ ਜ਼ੱਰੇ ਵਿਚ ਵਿਆਪਕ ਹੈ ਤਾਂ ਫਿਰ ਉਹਦਾ ਪ੍ਰਕਾਸ਼ ਸਭ ਥਾਵਾਂ ਤੇ ਹੀ ਹੈ ਪਰ ਦੇਖਣ ਵਾਲੀਆਂ ਅੱਖਾਂ ਤੇ ਪਹਿਚਾਨ ਕਰਨ ਵਾਲਾ ਦਿਲ ਹੀ ਇਸ ਦੇ ਆਨੰਦਮਈ ਜਲਵੇ ਤੋਂ ਵਿਸਮਾਦੀ ਦਸ਼ਾ ਪ੍ਰਾਪਤ ਕਰਕੇ ਆਨੰਦ ਭੋਗ ਸਕਦਾ ਹੈ। ਦਾਤੇ ਦਾ ਜਲਵਾ ਤਾਂ ਸਭਨਾਂ ਵਾਸਤੇ ਖੁਲ੍ਹਾ ਹੈ ਤੇ ਆਪ-ਮੁਹਾਰਾ ਹੀ ਮਨੁਖ ਨੂੰ ਅਪਣੇ ਵਲ ਚੁੰਬਕ-ਵਤ ਖਿਚਦਾ ਹੈ। ਭਾਗਵਾਨ ਰੂਹਾਂ ਰਸਲੀਨ ਹੋਕੇ ਨਿਵਾਜੀਆਂ ਜਾਂਦੀਆਂ ਹਨ ਉਸ ਦਾਤੇ ਦੀ ਦਯਾ ਦਾ ਭੰਡਾਰਾ ਸਭ ਅਗੇ ਖੁਲ੍ਹਾ ਹੈ। ਉਹ ਅਪਣੀ ਕਾਇਨਾਤ ਲਈ ਆਪ ਹੀ ਆਪਣੇ ਰਹਿਮਤ ਦੇ ਭੰਡਾਰੇ ਨੂੰ ਲੁਟਾਨ ਲਈ ਹਰ ਵੇਲੇ ਤਿਆਰ ਹੈ ਲੁਟਾਈ ਜਾ ਰਿਹਾ ਹੈ। ਉਸਦੀ ਬਖਸ਼ਿਸ਼ ਕਿਸੇ ਸਮੇਂ, ਕਿਸੀ ਮਾਤ੍ਰਾ ਵਿਚ ਤੇ ਕਿਸੇ ਵੀ ਮਨੁਖ ਲਈ ਖੁਲ੍ਹੀ ਹੈ ਤੇ ਅਸੀਂ ਇਹ ਨਹੀਂ ਕਹਿ ਸਕਦੇ ਕਿ ਕਿਸੇ ਖਾਸ ਅਸਥਾਨ ਤੇ ਹੀ ਇਸਦੀ ਪ੍ਰਾਪਤੀ ਹੁੰਦੀ ਹੈ। ਜਿਵੇਂ ਯਾਤਰੂ ਆਪਣੀ ਯਾਤ੍ਰਾ ਦੇ ਦੌਰਾਨ ਵਿਚ ਕਿਸੇ ਖਾਸ ਅਸਥਾਨ ਤੇ ਜਿਥੇ ਉਨ੍ਹਾਂ ਨੂੰ ਜਲ ਪਾਣੀ ਦਾ ਸੁਖ ਮਿਲ ਸਕੇ 'ਪੜਾਅ' ਬਣਾ ਲੈਂਦੇ ਹਨ ਉਥੇ ਅਸੀਂ ਇਹ ਵੀ ਮੰਨਣ ਤੋਂ ਨਹੀਂ ਰਹਿ ਸਕਦੇ ਕਿ ਦਾਤੇ ਦੀਆਂ ਬਖ਼ਸ਼ਿਸ਼ਾਂ ਤੇ ਰਹਿਮਤਾਂ ਉਨ੍ਹਾਂ ਸਥਾਨਾਂ ਤੇ ਜਲਦੀ ਤੇ ਸੌਖੀਆਂ ਤੇ ਜ਼ਿਆਦਾ ਮਾਤ੍ਰਾ ਵਿਚ ਮਿਲਦੀਆਂ ਹਨ ਜਿਥੇ ਉਸ ਦੇ ਭੇਜੇ ਹੋਇ ਰਹਿਨੁਮਾਵਾਂ, ਪੈਗੰਬਰਾਂ, ਪ੍ਰਮਾਨੀਕ ਰੂਹਾਂ ਅਵਤਾਰਾਂ ਨੇ ਆ ਕੇ ਆਸਨ ਲਗਾਏ ਹੋਣ ਯਾ ਜਿਥੇ ਉਸਦੇ ਭੇਜੇ ਹੋਇ ਜੋਤਿ ਵਿਕਾਸੀ ਤੇ ਧਰਮ ਦੇ ਆਗੂਆਂ ਦਾ ਆਪਣੀ ਰੂਹਾਨੀ ਡਿਊਟੀ ਨੂੰ ਪੂਰਾ ਕਰਨ ਲਈ ਉਸ ਦਾਤੇ ਦੇ ਹੁਕਮ ਨਾਲ ਪਹਿਲਾ ਪ੍ਰਕਾਸ਼ (ਅਵਤਾਰ ਧਾਰਿਆ) ਹੋਇਆ ਹੋਵੇ। 'ਜਿਥੇ ਜਾਇ ਬਹੇ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ ਰਾਮ ਰਾਜੇ' ਤੇ 'ਸਾ ਧਰਤ ਭਈ ਹਰੀਆਵਲੀ ਜਿਥੇ ਮੇਰਾ ਸਤਿਗੁਰੁ ਬੈਠਾ ਆਇ' ਦੇ ਮੁਤਾਬਕ ਉਸ ਅਸਥਾਨ 'ਚ ਵਿਸ਼ੇਸ਼ਤਾ ਹੁੰਦੀ ਹੈ ਜਿਥੋਂ ਕਿ ਸ਼ਰਧਾਵਾਨ ਮਨੁਖ ਅਪਨੇ ਮਨਾਂ ਲਈ ਸ਼ਾਂਤੀ ਪ੍ਰਾਪਤ ਕਰਕੇ ਉਸ ਦੇ ਰਾਹ ਤੇ ਲਗ ਪੈਂਦੇ ਹਨ। ਸੋ ਹਰ ਉਹ ਅਸਥਾਨ ਜਿਥੇ ਐਸੇ ਪਰਉਪਕਾਰੀ-ਜਨ ਅਕਾਲ ਪੁਰਖ ਦੀ ਆਗਿਆ ਪਾਲਣ ਲਈ ਸ੍ਰਿਸ਼ਟੀ ਦੇ ਲੋਕਾਂ ਦੇ ਉਧਾਰ ਲਈ ਆਉਂਦੇ ਹਨ ਮਹਤੱਵ ਪੂਰਨ ਬਣ ਜਾਂਦੇ ਹਨ।

ਸੋ ਤੀਰਥ ਅਸਥਾਨ ਇਹੋ ਹੀ ਹੁੰਦੇ ਹਨ ਜਿਥੇ ਮਨਾਂ ਦੀ ਮੈਲ ਉਤਰਦੀ ਹੈ। ਨਦੀਆਂ, ਦਰਿਆਵਾਂ, ਤਲਾਵਾਂ ਤੇ ਹੋਰ ਅਸਥਾਨਾਂ ਤੇ ਬੇਸ਼ਕ ਸਰੀਰਾਂ ਦੀ ਮੈਲ ਉਤਰਦੀ ਹੈ ਜਿਸ ਨੂੰ ਲੋਗ ਮਨ ਦੀ ਮੈਲ ਉਤਰੀ ਸਮਝ ਕੇ ਤੀਰਥ ਇਸ਼ਨਾਨਾਂ ਦੀ ਸੰਪੂਰਨਤਾ ਗਿਣਦੇ ਹਨ ਪਰ "ਤੀਰਥ ਨਾਵਨ ਜਾਉ ਤੀਰਥ ਨਾਮ ਹੈ" ਮਹਾਵਾਕ ਅਨੁਸਾਰ ਅਸਲੀ ਤੀਰਥ ਨਾਮ ਜਪਣਾ ਤੇ ਉਹਨਾਂ ਅਸਥਾਨਾਂ ਦੇ ਦਰਸ਼ਨ ਹਨ ਜਿਥੇ ਇਹ ਪੈਗੰਬਰੀ ਰੂਹਾਂ ਦਾ ਨਿਵਾਸ ਯਾ ਪ੍ਰਕਾਸ਼-ਸਥਾਨ ਹੋਵੇ। ਇਹ ਸਭ ਕੁਝ ਸ਼ਰਧਾ ਵਾਲਿਆਂ ਵਾਸਤੇ ਹੈ। ਨਹੀਂ ਤਾਂ ਧਰਤੀ ਸਭ ਜਗ੍ਹਾ ਇਕੋ ਜੈਸੀ ਹੈ, ਪਰ



www.AKJ.Org

ਧਰਤੀ ਨੂੰ ਭਾਗ ਉਦੋਂ ਲਗਦੇ ਹਨ ਜਦੋਂ ਕਿ ਉਸ ਨੂੰ ਐਸੀਆਂ ਰੂਹਾਂ ਦੀ ਛੋਹ ਲਗਦੀ ਹੈ ਜੋ ਪਰਉਪਕਾਰੀ ਹੋਣ ਤੇ ਸੰਸ਼ਾਰ ਦੇ ਭਲੇ ਲਈ ਸੰਸਾਰ ਵਿਚ ਆਮ ਲੋਕਾਂ ਦੀ ਤਰ੍ਹਾਂ ਵਿਚਰ ਰਹੀਆਂ ਹੋਣ। ਉਹਨਾਂ ਨੂੰ ਸਮਝਣਾ ਵਡੇ ਭਾਗ ਹਨ ਉਨ੍ਹਾਂ ਦੀ ਅਸ਼ੀਰਵਾਦ ਪ੍ਰਾਪਤ ਕਰਨਾ ਮਨੁਖ ਲਈ ਆਤਮਕ ਅਨੰਦ ਹੈ। ਉਨ੍ਹਾਂ ਦੀ ਛੋਹ ਪਾਰਸ ਕਲਾ ਗੁਣ ਪੂਰਕ ਹੈ।

ਇਹ ਕਾਰਨ ਹੈ ਕਿ ਐਸੇ ਗੁਰ-ਨਿਵਾਸ ਅਸਥਾਨ ਵੀ ਤੀਰਥ ਹੀ ਹੁੰਦੇ ਹਨ ਤੇ ਇਨ੍ਹਾਂ ਦੀ ਯਾਤ੍ਰਾ ਕਰਣਾਂ ਸ਼ਰਧਾਲੂਆਂ ਲਈ ਲਾਭਦਾਇਕ ਹੁੰਦਾ ਹੈ। ਐਸੇ ਅਸਥਾਨਾਂ ਵਿਚ ਅਸਲ ਚੀਜ਼ ਕੇਹੜੀ ਹੁੰਦੀ ਹੈ? ਆਓ ਇਹ ਵਿਚਾਰੀਏ। ਇਹ ਗਲ ਤਾਂ ਸਦਾ ਲਈ ਸਚ ਹੈ ਕਿ ਜੋ ਅਵਾਜ਼ਾਂ ਅਸੀਂ ਬੋਲਦੇ ਹਾਂ ਵਾਤਾਵਰਨ ਵਿਚ ਹੀ ਵਿਚਰਦੀਆਂ ਰਹਿੰਦੀਆਂ ਹਨ ਤੇ ਨਾਸ ਨਹੀਂ ਹੁੰਦੀਆਂ। ਅਜ ਕਲ ਤੇ ਉਹਨਾਂ ਨੂੰ Catch ਵੀ ਕਰ ਲਿਆ ਜਾਂਦਾ ਹੈ ਤੇ ਹੂਬਹੂ ਉਸੇ ਤਰ੍ਹਾਂ ਫਿਰ ਬੋਲਿਆ ਵੀ ਜਾਂਦਾ ਹੈ। ਸਾਇੰਸ ਨੇ ਇਤਨੀ ਤਰੱਕੀ ਕੀਤੀ ਹੈ ਕਿ ਅਸੀਂ ਆਪਣੀ ਆਵਾਜ਼ ਨੂੰ Catch ਕਰਕੇ ਜਦੋਂ ਚਾਹੀਏ ਫਿਰ ਵੈਸਾ ਹੀ ਸੁਣ ਸਕਦੇ ਹਾਂ, ਪਰ ਕਈ ਸੌ ਸਾਲਾਂ ਦੀਆਂ ਉਹ ਆਤਮਕ ਰੰਗਨ ਦੀਆਂ ਆਵਾਜ਼ਾਂ ਜੇਹੜੀਆਂ ਕਿ ਅਜੇ ਤਕ ਵੀ ਵਾਤਾਵਰਨ ਵਿਚ ਮੌਜੂਦ ਹਨ ਸਾਨੂੰ ਉਹਨਾਂ ਸਥਾਨਾਂ ਤੇ ਮਿਲਦੀਆਂ ਹਨ ਜਿਥੇ ਸਾਡੇ ਗੁਰੂਆਂ, ਪੈਗੰਬਰਾਂ, ਆਤਮਕ ਆਗੂਆਂ ਨੇ ਆਪ ਨਿਵਾਸ ਕੀਤਾ ਹੋਵੇ ਤੇ ਜੀਵਨ ਦੀਆਂ ਕਈ ਘਟਨਾਵਾਂ ਮਨੁਖ ਮਾਤ੍ਰ ਦੇ ਹਿਤ ਲਈ ਕਰਕੇ ਸੰਸਾਰੀ ਮਨੁਖਾਂ ਲਈ ਪੂਰਨੇ ਪਾਏ ਹੋਣ। ਸੋ ਐਸੇ ਅਸਥਾਨਾਂ ਤੇ ਇਹ ਆਵਾਜ਼ਾਂ ਵਾਤਾਵਰਨ ਵਿਚ ਵਿਚਰਦੀਆਂ ਹੋਈਆਂ ਜਦ ਸ਼ਰਧਾਲੂ ਰੂਹਾਂ ਨਾਲ ਸਪਰਸ਼ ਕਰਦੀਆਂ ਹਨ ਤਾਂ ਉਹ ਉਹਨਾਂ ਨਾਲ ਕੁਝ ਸਮੇਂ ਮਗਰੋਂ ਇਕ-ਸੁਰ ਹੋ ਜਾਂਦੀਆਂ ਹਨ ਉਸ ਤੋਂ ਮਗਰੋਂ ਉਹਨਾਂ ਨੂੰ ਇਕ ਐਸਾ ਆਤਮਕ ਆਨੰਦ ਪ੍ਰਾਪਤ ਹੁੰਦਾ ਹੈ ਜਿਹੜਾ ਕਿ ਉਨ੍ਹਾਂ ਨੂੰ ਦਾਤੇ ਦੀ ਮੇਹਰ ਦਾ ਪਾਤਰ ਬਣਾ ਦੇਂਦਾ ਹੈ ਤੇ ਸ਼ਰਧਾਲੂਆਂ ਦਾ ਉਧਾਰ ਹੋ ਜਾਂਦਾ ਹੈ। ਇਸ ਵਸਤੂ ਦੀ ਪ੍ਰਾਪਤੀ ਹੀ ਧਰਮ ਅਸਥਾਨਾਂ ਦੀ ਯਾਤਰਾ ਕਰਨ ਦਾ ਉਦੇਸ਼ ਹੁੰਦਾ ਹੈ। ਸੋ ਗੁਰੂ ਅਸਥਾਨਾਂ ਦੀ ਯਾਤ੍ਰਾ ਇਸ ਵਾਸਤੇ ਮਹੱਤਵਪੂਰਨ ਹੁੰਦੀ ਹੈ। ਦੂਜੀ ਗਲ ਇਹ ਹੈ ਕਿ ਹਰ ਐਸੇ ਅਸਥਾਨ ਜਿਥੇ ਗੁਰਸਿਖਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਹੋਣ ਜੈਸੇ ਅਨੰਦਪੁਰ ਸਾਹਿਬ, ਪੌਂਟਾ ਸਾਹਿਬ, ਚਮਕੌਰ ਸਾਹਿਬ ਤੇ ਹੋਰ ਐਸੇ ਅਸਥਾਨ ਆਦਿ, ਉਥੇ ਸ਼ਹੀਦੀ ਰੂਹਾਂ ਵਿਚਰਦੀਆਂ ਰਹਿੰਦੀਆਂ ਹਨ ਤੇ ਸ਼ਰਧਾਲੂਆਂ ਨੂੰ ਅਸ਼ੀਰਵਾਦ ਦੇਂਦੀਆਂ ਹਨ।

ਉਹਨਾਂ ਨਾਲ ਇਕ-ਸੁਰ ਹੋ ਕੇ ਉਹਨਾਂ ਨੂੰ ਆਤਮਕ ਪ੍ਰੇਰਨਾ ਬਖਸ਼ਦੀਆਂ ਹਨ। ਉਹਨਾਂ ਵਿਚ ਨਵੀਂ ਰੂਹ ਫੂਕ ਦੇਂਦੀਆਂ ਹਨ। ਐਸੀਆਂ ਅਦ੍ਰਿਸ਼ਟ ਰੂਹਾਂ ਦੀ ਕ੍ਰਿਪਾ ਨਾਲ ਹੀ ਸ਼ਰਧਾਲੂ ਗੁਰਸਿਖ ਚੜ੍ਹਦੀ ਕਲਾ ਪ੍ਰਾਪਤ ਕਰਕੇ ਗੁਰੂ ਦੀਆਂ ਖੁਸ਼ੀਆਂ ਦੇ ਪਾਤਰ ਬਣ ਜਾਂਦੇ ਹਨ। ਵੈਸੇ ਤੇ ਸਭ ਕੁਝ ਮਨੁਖ ਦੀ ਅੰਦਰਲੀ ਸਫਾਈ ਤੇ ਨਿਰਭਰ ਹੈ ਤੇ ਅੰਦਰੂਨੀ ਬਲਬ ਦੀ ਸੁਧਤਾ ਤੇ ਉਸ ਦੇ ਪ੍ਰਕਾਸ਼ ਗ੍ਰਹਿਣ ਕਰਨ ਦੀ ਸ਼ਕਤੀ ਤੇ ਗਲ ਮੁਕਦੀ ਹੈ ਅਤੇ ਕੁਝ ਅਪਣੀ ਕਮਾਈ ਤੇ ਭਾਗਾਂ ਤੇ ਨਿਰਭਰ ਹੈ ਪਰ ਇਹ ਸਭ ਚੀਜ਼ਾਂ ਉਦੋਂ ਪਿਛੇ ਰਹਿ ਜਾਂਦੀਆਂ ਹਨ ਜਦੋਂ ਗੁਰੂ-ਕ੍ਰਿਪਾ ਤੇ ਅਕਾਲ ਪੁਰਖ ਦੀ ਕ੍ਰਿਪਾ ਹੋਣੀ ਹੋਵੇ। ਦਾਤੇ ਦੇ ਤਰੁਠਣ ਨਾਲ ਸਭ ਗੱਲਾਂ ਵਿਚੇ ਹੀ ਆ ਜਾਂਦੀਆਂ ਹਨ। ਉਦੋਂ ਹੀ ਮੀਂਹ ਦੇ ਵਸਣ ਵਾਲਾ ਹਿਸਾਬ ਹੋ ਜਾਂਦਾ ਹੈ ਜਦੋਂ ਟੋਏ ਟਿਬੇ ਸਭ ਇਕ ਬਰਾਬਰ ਹੋ ਜਾਂਦੇ ਹਨ। ਉਸ ਬਖਸ਼ਿਸ਼ ਵੇਲੇ ਕਮਾਈ ਵਾਲੇ ਤੇ ਬਿਨ ਕਮਾਈ ਵਾਲੇ ਸਾਰੇ ਲਾਭਵੰਦ ਹੋ ਜਾਂਦੇ ਹਨ।

ਆਓ, ਹੁਣ ਵਿਚਾਰੀਏ ਕਿ ਗੁਰਮਤਿ ਪ੍ਰਚਾਰ ਕੀ ਹੁੰਦਾ ਹੈ? ਗੁਰਮਤਿ ਪ੍ਰਚਾਰ ਗੁਰੂ ਗਿਆਨ ਦਾ ਗੁਰਸਿਖ ਹਿਰਦੇ ਅੰਦਰ ਸਮਾ ਜਾਣ ਦਾ ਨਾਉਂ ਹੈ। ਮਹਾਂਵਾਕਾਂ ਅਨੁਸਾਰ 'ਸਸੀਅਰ ਘਰ ਸੂਰ ਸਮਾਵੈ' ਇਸ ਗਲ ਦੀ ਪੁਸ਼ਟੀ ਕਰਦਾ ਹੈ। ਜਦੋਂ ਗੁਰਸਿਖ ਉਤੇ ਗੁਰੂ ਬਖਸ਼ਿਸ਼ ਕਰਦਾ ਹੈ, ਤਰੁਠਦਾ



www.AKJ.Org

ਹੈ ਉਦੋਂ ਉਸ ਦੇ ਹਿਰਦੇ ਅੰਦਰ ਗੁਰੂ-ਗਿਆਨ ਸਮਾਉਂਦਾ ਹੈ। ਇਹੀ ਗੁਰਸਿਖ ਦੇ ਉਧਾਰ ਦੀ ਪਉੜੀ ਹੈ। ਇਸੇ ਕਾਰਨ ਹੀ ਉਹ 'ਗੋਸਾਈਂ ਦਾ ਪਹਿਲਵਾਨੜਾ' ਅਸਲੀ ਰੂਪ ਵਿਚ 'ਦਰਗੇ ਲੁਡ ਲੁਡ ਜਾਏ' ਈ ਪਦਵੀ ਪ੍ਰਾਪਤ ਕਰਨ ਦੇ ਯੋਗ ਹੋ ਸਕਦਾ ਹੈ। 'ਗੁਰ ਕੀ ਮਤਿ ਤੂ ਲੇਇ ਇਆਨੇ, ਭਗਤਿ ਬਿਨਾ ਬਹੁ ਡੂਬੇ ਸਿਆਨੇ' ਦੇ ਮਹਾਂ ਵਾਕਾਂ ਅਨੁਸਾਰ ਗੁਰ ਕੀ ਮਤਿ ਦਾ ਗੁਰਸਿਖ ਅੰਦਰ ਪ੍ਰਵੇਸ਼ ਹੀ ਉਸ ਦੇ ਪਾਰ ਉਤਾਰੇ ਦਾ ਕਾਰਨ ਹੈ ਉਸ ਤੋਂ ਮਗਰੋਂ ਗੁਰੂ ਉਪਦੇਸ਼ ਤੇ ਚਲਣਾ ਤੇ ਪੂਰੇ ਆਦਰ ਸਤਿਕਾਰ ਨਾਲ ਗੁਰੂ ਉਪਦੇਸ਼ ਨੂੰ ਅਮਲੀ ਤੌਰ ਤੇ ਕਮਾਉਣਾ ਹੀ ਗੁਰਸਿਖ ਦੀ ਅਕਾਲ ਪੁਰਖ ਦੇ ਦਰ ਤੇ ਪਹੁੰਚਣ ਦਾ ਜ਼ਰੀਆ ਹੈ। ਇਥੇ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਗੁਰਸਿਖ ਲਈ ਅਪਣੇ ਮਨ ਦੀਆਂ ਸਭੇ ਸਿਆਣਪਾਂ ਛਡਣੀਆਂ ਜ਼ਰੂਰੀ ਹਨ। ਗੁਰਮਤਿ ਪ੍ਰਚਾਰ ਇਕ ਬੜੀ ਔਖੀ ਜਹੀ ਚੀਜ਼ ਹੈ ਪਰ ਗੁਰੂ ਕ੍ਰਿਪਾ ਨਾਲ ਸੌਖੀ ਉਦੋਂ ਬਣ ਜਾਂਦੀ ਹੈ ਜਦੋਂ ਸੰਗਤ ਦੇ ਜ਼ਰੀਏ ਹੋਵੇ। ਸੰਗਤ ਕਾਮਧੇਨ ਹੈ ਸੰਗਤ ਨਾਲ ਮਿਲ ਕੇ ਧਰਮ ਅਸਥਾਨਾਂ ਦੀ ਯਾਤ੍ਰਾ ਕਰਨਾ ਨਾਲ ਹੀ ਨਾਲ ਕੀਰਤਨ ਕਰਨਾ ਹੀ ਗੁਰਮਤਿ ਪ੍ਰਚਾਰ ਦੇ ਅਸਲੀ ਸਾਧਨ ਹਨ ਪਰ ਨਾਲ ਹੀ ਨਾਲ ਪ੍ਰਚਾਰਕ ਜਥਾ ਜੋ ਐਸੀ ਸੇਵਾ ਲਈ ਨਿਕਲੇ ਅਪਣੇ ਆਪ ਨੂੰ ਦੂਜਿਆਂ ਗੁਰਸਿਖਾਂ ਨਾਲੋਂ ਉਚਾ ਨਾ ਸਮਝੇ ਸਗੋਂ ਦਾਤੇ ਦੇ ਦਰ ਦਾ ਕੂਕਰ ਬਣ ਕੇ ਨਿਮਰਤਾ ਭਾਵ ਨਾਲ ਸੇਵਾ ਵਿਚ ਜੁਟ ਜਾਏ 'ਗੁਰਸਿਖੀ ਬਾਰੀਕ ਹੈ ਸਿਲ ਚਟਣ ਫਿਕੀ' ਐਸੀ ਸੇਵਾ ਦੇ ਸੇਵਾ-ਦਾਰਾਂ ਲਈ ਸਾਵਧਾਨਤਾ ਤੇ ਸਤੱਰਗਤਾ ਬੜੀ ਜ਼ਰੂਰੀ ਹੈ ਸੇਵਾ ਕਰਨ ਦੇ ਅਰੰਭ ਤੋਂ ਲੈ ਕੇ ਅੰਤ ਤਕ ਨਿਮ੍ਰਤਾ ਭਾਵ ਹਿਰਦੇ ਵਿਚ ਰਹੇ ਤਾਂ ਹੀ ਅਪਣੇ ਜੀਵਨ ਦਾ ਪ੍ਰਭਾਵ ਦੂਜਿਆਂ ਦੇ ਪਾਇਆ ਜਾ ਸਕਦਾ ਹੈ ਐਸਾ ਪ੍ਰਚਾਰ ਕਰਨ ਵਾਲੇ ਗੁਰਸਿਖ ਕਦਮ ਕਦਮ ਤੇ ਹਰ ਔਕੜ ਤੇ ਹਰ ਸੇਵਾ ਕਰਨ ਵੇਲੇ ਅਰਦਾਸਾ ਕਰਨ ਕਿ ਹੇ ਦਾਤਾ "ਮੈ ਨਹੀ ਹਉ ਨਾਹੀ ਕਛੁ ਆਹਿ ਨ ਮੋਰਾ' ਦੇ ਅੰਤ੍ਰੀਵੀ ਭਾਵਾਂ ਦਾ ਸਾਡੇ ਅੰਦਰ ਵਾਸਾ ਕਰ ਤੇ ਸਾਨੂੰ ਵੀ ਸੁਮੱਤ ਦੇਹ ਤਾਂ ਜੋ ਅਸੀਂ ਇਸ ਸੇਵਾ ਨੂੰ ਪੂਰਾ ਕਰ ਸਕੀਏ। ਵੈਸੇ ਤਾਂ ਗੁਰਸਿਖ ਲਈ ਅਰਦਾਸੇ ਦੀ ਟੇਕ ਸਭ ਤੋਂ ਉਤਮ ਹੈ ਪਰ ਜਿਥੇ ਇਹ ਅਰਦਾਸੇ ਗੁਰਸਿਖ ਨੂੰ ਸੇਵਾ ਕਰਨ ਦੀ ਸ਼ਕਤੀ ਬਖ਼ਸ਼ਦੇ ਹਨ ਉਥੇ ਨਾਲ ਹੀ ਨਾਲ ਗੁਰਸਿਖ ਨੂੰ ਨਿਰਮਾਨਤਾ ਵਿਚ ਲਿਆ ਕੇ ਉਸਨੂੰ ਨਿਜੀ ਲਾਭ ਵੀ ਦੇਂਦੇ ਹਨ ਅਤੇ ਸੇਵਾਦਾਰ ਪ੍ਰਚਾਰ ਕਰਨ ਵਾਲੇ ਗੁਰਸਿਖਾਂ ਨੂੰ ਵੀ ਉਸ ਦਾਤੇ ਦੀ ਬਖ਼ਸ਼ਿਸ਼ ਦੇ ਛਾਂਦੇ ਮਿਲ ਜਾਂਦੇ ਹਨ।

ਸੋ ਇਹ ਗਲ ਤੈਅ ਹੋਈ ਕਿ ਗੁਰਮਤਿ ਪ੍ਰਚਾਰਕ ਜਿੰਨਾਂ ਨਿਰਮਾਣ ਹੋਵੇਗਾ ਉਸ ਦੇ ਕੀਰਤਨ ਦਾ ਉਸ ਦੇ ਬਚਨਾਂ ਦਾ ਅਸਰ ਉਤਨਾ ਹੀ ਜ਼ਿਆਦਾ ਸਰੋਤਿਆਂ ਤੇ ਪਵੇਗਾ। ਜੇ ਅਸੀਂ ਜ਼ਰਾ ਹੋਰ ਗੈਹਰਾਈ ਵਿਚ ਜਾ ਕੇ ਇਸ ਨੂੰ ਸੋਚੀਏ ਤੇ ਸਭ ਕੁਝ ਕਰਨ ਵਾਲਾ, ਪ੍ਰੇਰਨਾ ਦੇਣ ਵਾਲਾ ਤਾਂ ਵਾਹਿਗੁਰੂ ਹੀ ਹੈ ਪਰ ਗੁਰਸਿਖ ਲਈ ਸੇਵਾ-ਭਾਵ ਵਿਚ ਰਹਿਣਾ ਹੀ ਲਾਭਦਾਇਕ ਹੈ। ਅੰਤ ਵਿਚ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਗੁਰਮਤਿ ਪ੍ਰਚਾਰ ਅਸਲ ਵਿਚ ਉਸ ਦਾਤੇ ਨਾਲ ਇਕ-ਸੁਰਤਾ ਪ੍ਰਾਪਤ ਕਰਨਾ ਹੈ ਕਿਉਂ ਜੋ ਕੀਰਤਨ ਜਿਸ ਨੂੰ ਮਹਾਨ ਉਚਾ ਸਾਧਨ ਕਿਹਾ ਜਾਂਦਾ ਹੈ। ਸੁਰ ਤੇ ਬਿਰਤੀਆਂ ਦੇ ਅੰਦਰੋਂ ਕਿਸੇ ਰੰਗ ਵਿਚ ਨਿਕਲਿਆ ਹੋਇਆ ਹੀ ਗੁਰਸਿਖ ਸਰੋਤਿਆਂ ਦੇ ਹਿਰਦੇ ਨੂੰ ਸਪਰਸ਼ ਕਰ ਸਕਦਾ ਹੈ। ਮਾਨ ਪ੍ਰਾਪਤੀ ਤੇ ਪ੍ਰਸਿਧੀ ਦਾ ਉਦੇਸ਼ ਰਖਣ ਵਾਲੇ ਗੁਰਮਤਿ ਪ੍ਰਚਾਰਕਾਂ ਦਾ ਗੁਰਬਾਣੀ ਕੀਰਤਨ ਗੁਰੂ ਆਸ਼ੇ ਦੀ ਪ੍ਰਾਪਤੀ ਤੋਂ ਖ਼ਾਲੀ ਰਹਿ ਜਾਂਦਾ ਹੈ। ਭਾਵੇਂ ਰਾਗ ਦੇ ਤੌਰ ਤੇ ਕੀਰਤਨ ਕੁਝ ਹਿਰਦਿਆਂ ਦੀ ਬਾਹਰਲੀ ਤਸੱਲੀ ਕਰੇ ਪਰ ਅੰਦਰਲੀ ਛੋਹ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸੋ ਦਾਤੇ ਦੀ ਓਟ ਹੀ ਗੁਰਸਿਖ ਲਈ ਜ਼ਰੂਰੀ ਹੈ ਕਿਉਂਕਿ ਸੂਖਸ਼ਮ ਅਹੰਕਾਰ ਦਾ ਫੇਰਾ ਵੀ ਪੈਂਦਾ ਹੀ ਰਹਿੰਦਾ ਹੈ ਜਿਸ ਤੋਂ ਗੁਰੂ ਦੀ ਓਟ ਹੀ ਗੁਰਮਤਿ ਪ੍ਰਚਾਰਕ ਨੂੰ ਬਚਾਉਂਦੀ ਹੈ।

ਹੋਰ ਬਹੁਤ ਸਾਰੀਆਂ ਐਸੀਆਂ ਗਲਾਂ ਹਨ ਜੋ



www.AKJ.Org

ਕਿ ਗੁਰਮਤਿ ਪ੍ਰਚਾਰਕਾਂ ਨੂੰ ਅਪਣੇ ਦੌਰੇ ਦੇ ਦੌਰਾਨ ਵਿਚ ਵੇਖਣੀਆਂ ਪੈਂਦੀਆਂ ਹਨ ਤੇ ਜਿਨ੍ਹਾਂ ਤੋਂ ਸਾਵ-ਧਾਨ ਰਹਿਣਾ ਗੁਰਮਤਿ ਪ੍ਰਚਾਰ ਜਥੇ ਦੇ ਜਥੇਦਾਰ ਯਾ ਆਗੂ ਲਈ ਜ਼ਰੂਰੀ ਹੈ ਸੋ ਇਹਨਾਂ ਸਾਰੀਆਂ ਸਮਸਿਆਵਾਂ ਤੋਂ ਪਾਰ ਲੰਘਣ ਲਈ ਜਥੇਦਾਰ ਗੁਰੂ ਅਗੇ ਅਰਦਾਸੇ ਕਰਕੇ ਹੀ ਕਾਰਜ ਨੂੰ ਆਰੰਭ ਕਰਨਾ ਉਚਿਤ ਸਮਝਿਆ ਹੋਇਆ ਅਪਣੇ ਆਪ ਨੂੰ ਗੁਰੂ ਦੇ ਹੁਕਮ ਅੰਦਰ ਲਿਆਉਂਦੀ ਹੈ । ਇਹ ਉਤਮ ਚੀਜ਼ ਹੈ ।

## ਗੁਰਮਤਿ ਪ੍ਰਚਾਰ ਦੌਰੇ ਦੇ ਸੱਦੇ-ਪੱਤਰ ਤੇ ਘੋਸ਼ਨਾ

'ਚਲ ਸਖੀਏ ਪ੍ਰਭੁ ਰਾਵਨ ਜਾਹਾ' ਦਾ ਸਦਾ ਹੀ ਰਾਂਝੇ ਦੀ ਮੁਰਲੀ ਵਾਂਗੂ ਗੁਰਸਿਖਾਂ ਦੇ ਕੰਨਾਂ ਤਾਈਂ ਪਹੁੰਚਿਆ ਤੇ ਸ਼ਰਧਾਲੂ ਗੁਰਸਿਖਾਂ ਦੇ ਅੰਦਰ ਇਕ ਐਸੀ ਤੜਪ ਚਾਲੂ ਹੋ ਗਈ ਜਿਸ ਦਾ ਅੰਦਾਜ਼ਾ 'ਜਿਸ ਇਹ ਪ੍ਰੀਤ ਲਾਈ ਸੋ ਜਾਣੈ, ਕੈ ਜਾਕੈ ਜੀਅ ਧਰੈ' ਦੇ ਵਾਕਾਂ ਅਨੁਸਾਰ ਹਰ ਉਹ ਹਿਰਦਾ ਹੀ ਅੰਦਾਜ਼ਾ ਲਗਾ ਸਕਦਾ ਹੈ ਜਿਸ ਦੇ ਅੰਦਰ ਪ੍ਰਚਾਰ ਯਾਤ੍ਰਾ ਜਥੇ ਵਿਚ ਸ਼ਾਮਲ ਹੋਣ ਦੀ ਸਿਕ ਚਾਲੂ ਹੋ ਪਈ, ਪਰ ਨਾਲ ਹੀ 'ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈ ਹੈ' ਨੂੰ ਚੇਤੇ ਕਰਦਿਆਂ ਹੋਇਆਂ ਕੁਝ ਕੁ ਸਿੰਘਾਂ ਵਿਚ ਮਾਯੂਸੀ ਜਹੀ ਹੋਈ ਜਦੋਂ ਕਿ ਉਹਨਾਂ ਨੂੰ ਆਪਣੇ ਆਪ ਵਿਚ, ਜਥੇਦਾਰ ਦੇ ਐਲਾਨ ਮੁਤਾਬਕ, ਯੋਗਤਾ ਨ ਦੇਖੀ, ਬਹੁਤ ਸਾਰੀਆਂ ਰੂਹਾਂ ਇਸ ਪ੍ਰਚਾਰ ਦੌਰੇ ਵਿਚ ਸ਼ਾਮਲ ਹੋਣ ਲਈ ਬੇਚੈਨ ਹੋਈਆਂ ਉਹਨਾਂ ਦੇ ਦਿਲ ਵਿਚ ਉਸ ਦਿਨ ਦੀ ਉਸ ਸੁਲਖਣੀ ਘੜੀ ਦੀ ਉਡੀਕ ਤੇ ਉਸ ਲਈ ਚਾਅ ਤੇ ਸ਼ਰਧਾ ਦੇ ਸਮੁੰਦਰ ਨੇ ਲਹਿਰਾਂ ਮਾਰਨੀਆਂ ਸ਼ੁਰੂ ਕੀਤੀਆਂ ਬੇਸ਼ੁਮਾਰ ਪ੍ਰਾਰਥਨਾ ਪੱਤਰ ਅਖੰਡ ਕੀਰਤਨੀ ਜਥਾ ਪਟਿਆਲਾ ਦੇ ਨਾਮ ਪੁਜਣੇ ਸ਼ੁਰੂ ਹੋ ਗਏ । ਜਿਨ੍ਹਾਂ ਵਿਚ ਕਈ ਪਰਕਾਰ ਦੀ ਪੁਛ ਗਿਛ ਗੁਰਸਿਖਾਂ ਵਲੋਂ ਆਰੰਭ ਹੋ ਗਈ । ਭਾਰੀ ਡਿਊਟੀ ਲਈ ਵੀ ਅਖੰਡ ਕੀਰਤਨੀ ਜਥੇ ਪਟਿਆਲਾ ਨੇ ਗੁਰੂ-ਓਟ ਆਸਰੇ ਪ੍ਰਬੰਧ ਕਰਨਾ ਆਰੰਭ ਕੀਤਾ ਤੇ ਜਦੋਂ ਦਿਨ ਨੇੜੇ ਆਇਆ ਗੁਰਸਿਖਾਂ ਤੇ ਸੰਗਤਾਂ ਦੇ ਪਰੇਮ-ਸੰਦੇਸਿਆਂ ਦੇ ਕਈ ਪ੍ਰਕਾਰ ਦੇ ਰੁਝੇਵੇਂ ਜਥੇ ਲਈ ਪੈਦਾ ਕੀਤੇ ਪਰ ਗੁਰੂ ਕ੍ਰਿਪਾ ਨਾਲ ਸਾਰਾ ਇੰਤਜ਼ਾਮ ਹੋ ਗਿਆ ।

ਜਿਨ੍ਹਾਂ ਵੀਰਾਂ ਨੇ ਪ੍ਰਚਾਰ ਦੌਰੇ ਦੇ ਬਾਰੇ ਪ੍ਰਬੰਧ ਕੀਤਾ ਉਹਨਾਂ ਵਲੋਂ ਇਸ ਗਲ ਦੀ ਖਿਮਾਂ ਸੰਗਤਾਂ ਮੰਗੀ ਗਈ ਕਿ ਉਹ ਸਾਰਿਆਂ ਵੀਰਾਂ ਦੀ ਦਿਲੀ ਖਾਹਸ਼ ਨ ਪੂਰੀ ਕਰ ਸਕੇ, ਕਿਉਂ ਜੋ ਉਹਨਾਂ ਵਲੋਂ ਇਕੋ ਹੀ ਬਸ ਦੇ ਚਲਾਣ ਦਾ ਪ੍ਰਬੰਧ ਸੀ । ਸੁਭਾਗੀ ਸਜਣ ਬਹੁਤ ਹੀ ਖੁਸ਼ੀ ਨਾਲ, ਚਾਅ ਨਾਲ ਤਿਆਰ ਹੋਏ ਤੇ ਨੀਯਤ ਦਿਨ ਪਟਿਆਲੇ ਵਲ ਚਲ ਪਏ ।

ਪਰਚਾਰ ਬਸ ਚਲਣ ਤੋਂ ਪਹਿਲੋਂ ਪਟਿਆਲੇ ਵਿਚ ਤੇ ਗੁਰਦਵਾਰਾ ਦੂਖ ਨਿਵਾਰਨ ਵਿਚ ਚਹਿਲ ਪਹਿਲ:—ਖ਼ਾਸ ਕਰ ਕੇ 9 ਅਕਤੂਬਰ ਦੀ ਸ਼ਾਮ ਪਟਿਆਲੇ ਲਈ ਚਹਿਲ ਪਹਿਲ ਦੀ ਸ਼ਾਮ ਸੀ । ਕਈ ਸਿੰਘ ਯਾਤ੍ਰੀ ਰਖਸ਼ਾਵਾਂ ਤੇ ਟਾਂਗਿਆਂ ਤੇ ਹੋਰ ਸਵਾਰੀਆਂ ਤੇ ਆਪਣੇ ਦਿਲਾਂ ਵਿਚ ਚਾਅ ਮਲ੍ਹਾਰ ਦਾ ਜਜ਼ਬਾ ਲੈ ਕੇ ਰੌਣਕ ਵਾਲਿਆਂ ਚੇਹਰਿਆਂ ਨਾਲ ਪਟਿਆਲੇ ਦੀਆਂ ਸੜਕਾਂ ਤੇ ਘੁਮਦੇ ਨਜ਼ਰ ਆਉਂਦੇ ਸਨ । ਆਪਸ ਵਿਚ ਮਿਲ ਕੇ ਪ੍ਰੇਮ ਤੇ ਉਤਸ਼ਾਹ ਨਾਲ ਗੁਰਦਵਾਰਾ ਦੂਖ ਨਿਵਾਰਨ ਵਲ ਜਾ ਰਹੇ ਸਿਖ ਬਾਣਿਆਂ ਵਿਚ ਪਟਿਆਲੇ ਸ਼ਹਿਰ ਦੀ ਰੌਣਕ ਨੂੰ ਦੁਗਣਾ ਕਰ ਰਹੇ ਸਨ । ਗੁਰਦਵਾਰਾ ਸਾਹਿਬ ਵਿਚ ਵਿਦਾਇਗੀ ਤੋਂ ਪਹਿਲੋਂ 5 ਤੋਂ 7 ਸ਼ਾਮ ਤਕ ਕੀਰਤਨ ਸਮਾਗਮ ਰਖੇ ਹੋਏ ਸਨ । ਯਾਤਰਾ ਬਸ ਵਲ ਜਾਣ ਵਾਲੇ ਸਜਣ ਗੁਰਦਵਾਰਾ ਸਾਹਿਬ ਪਹੁੰਚੇ। ਬੇਅੰਤ ਸੰਗਤਾਂ ਦਰਸ਼ਨਾਂ ਲਈ ਪਹੁੰਚੀਆਂ । ਜਿਸ ਪਾਸੇ ਨਜ਼ਰ ਜਾਂਦੀ ਸੀ ਸਿੰਘਾਂ ਦੇ ਮੇਲ ਹੋ ਰਹੇ ਸਨ । ਖੰਡੇ ਖੜਕ ਰਹੇ ਸਨ । ਸ਼ਰਧਾਲੂ ਵੀਰ ਆਪਸ ਵਿਚ ਮਿਲਕੇ ਗੁਰਸਿਖੀ ਪਿਆਰ ਦੀਆਂ ਮੌਜਾਂ ਮਾਣ ਰਹੇ ਸਨ । ਗੁਰਦਵਾਰਾ ਸਾਹਿਬ ਵਿਚ ਸੰਗਤਾਂ ਦੀ ਭੀੜ ਲਗੀ ਹੋਈ ਸੀ, ਤਿਲ ਧਰਨ ਨੂੰ ਥਾਂ ਨਹੀਂ ਸੀ ਮਿਲਦੀ । ਸ਼ਸਤ੍ਰਧਾਰੀ ਸਿੰਘ ਗੁਰਦਵਾਰਾ ਸਾਹਿਬ ਦੇ ਹਾਲ ਵਿਚ ਬੈਠ ਰਹੇ ਸਨ । ਬਾਹਰ ਪਰਕਰਮਾਂ ਦੀ



www.AKJ.Org

ਰੌਣਕ ਵੇਖ ਕੇ ਐਸਾ ਮਾਲੂਮ ਹੋ ਰਿਹਾ ਸੀ ਜਿਵੇਂ ਸੰਜੋਗ ਵਿਜੋਗ ਦੇ ਮਹਾਨ ਸੰਗਰਾਮ ਵਿਚ ਜੁਟੇ ਹੋਏ ਸਿਖ ਇਕ ਦੂਜੇ ਨੂੰ ਅਸ਼ੀਰਵਾਦ ਦੇ ਕੇ ਗੁਰਸਿਖ ਪ੍ਰੇਮ ਦੇ ਸਾਗਰ ਵਿਚ ਟੁਭੇ ਲਾ ਰਹੇ ਹਨ ਤੇ ਹਰ ਇਕ ਗੁਰਸਿਖ ਦਾ ਚੇਹਰਾ ਗੁਰਸਿਖ ਜਜ਼ਬੇ ਦੀ ਤਸਵੀਰ ਸੀ–ਇਤਨੇ ਵਿਚ ਅਖੰਡ ਕੀਰਤਨੀ ਜਥਾ ਪਟਿਆਲੇ ਨੇ ਠੀਕ ਸਮੇਂ ਸਿਰ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਬੈਠ ਕੇ ਕੀਰਤਨ ਆਰੰਭ ਕਰ ਦਿਤਾ। ਗੁਰਬਾਣੀ ਕੀਰਤਨ ਦੇ ਭੌਰਿਆਂ ਨੇ ਗੂੰਜਾਂ ਪਾ ਦਿਤੀਆਂ। ਪਟਿਆਲੇ ਦਾ ਤਾਂ ਵਾਤਾਵਰਨ ਇਕ ਸਵਰਗੀ ਰੰਗਨ ਦਾ ਨਕਸ਼ਾ ਬਣ ਗਿਆ ਜਿਥੇ ਯਾਤ੍ਰਾ ਜਾਣ ਵਾਲੇ ਅਲਗ ਅਲਗ ਸਥਾਨਾਂ ਤੋਂ ਆਏ ਹੋਏ ਸਿੰਘ ਆਪਣੀ ਯਾਤ੍ਰਾ ਦੇ ਆਰੰਭ ਦੇ ਚਾਅ ਵਿਚ ਗੁਰੂ ਸਾਹਿਬਾਨ ਤੇ ਸੰਗਤ ਦੀ ਅਸ਼ੀਰਵਾਦ ਦੇ ਚਾਹਵਾਨ ਹੋ ਕੇ ਆਪਣੇ ਦਿਲਾਂ ਦੀ ਧੜਕਨ ਨਾਲ ਆਨੰਦ ਪ੍ਰਾਪਤ ਕਰ ਰਹੇ ਸਨ ਉਥੇ ਨਾਲ ਹੀ ਨਾਲ ਵਿਦਾਇਗੀ ਕਰਨ ਵਾਲੀ ਸੰਗਤ ਦੇ ਦਿਲਾਂ ਵਿਚ ਪ੍ਰੇਮ ਦੇ ਉਹ ਸਮੁੰਦਰ ਠਾਠਾਂ ਮਾਰ ਰਹੇ ਸਨ ਜਿਸਦਾ ਅਨੁਭਵ ਕਿ ਇਕ ਦੂਜੇ ਦੇ ਚੁੰਬਕ ਵਾਲੇ ਦਿਲ ਹੀ ਮਹਿਸੂਸ ਕਰ ਸਕਦੇ ਸਨ। ਨੀਯਤ ਸਮੇਂ ਤਕ ਕੀਰਤਨ ਚੜ੍ਹਦੀ ਕਲਾ ਵਿਚ ਹੋਇਆ–ਉਪਰੰਤ ਅਰਦਾਸਾ ਕੀਤਾ ਗਿਆ। ਗੁਰੂ ਸਾਹਿਬਾਨ ਕੋਲੋਂ ਯਾਤ੍ਰਾ ਆਰੰਭ ਕਰਨ ਤੇ ਪ੍ਰਚਾਰ ਦੌਰੇ ਦੀ ਸਫ਼ਲਤਾ ਦੀ ਯਾਚਨਾ ਕੀਤੀ ਗਈ ਤੇ ਅਸ਼ੀਰਬਾਦ ਮੰਗਦਿਆਂ ਹੋਇਆਂ ਹੁਕਮਨਾਮੇ ਦੀ ਬਖਸ਼ਿਸ਼ ਲਈ ਵੀ ਅਰਦਾਸੀਏ ਸਿੰਘ ਨੇ ਜਥੇ ਲਈ ਕੀਤੀ। ਹੁਕਮਨਾਮਾ ਆਇਆ ਜਿਸ ਦੀਆਂ ਅੰਤਮ ਤੁਕਾਂ 'ਧਰਮ ਰਾਇ ਦਰ ਕਾਗਦ ਫਾਰੇ, ਜਨ ਨਾਨਕ ਲੇਖਾ ਸਮਝਾ' ਸਾਰੀ ਸੰਗਤ ਦੇ ਹਿਰਦੇ ਸ਼ੁਕਰਾਨੇ ਨਾਲ ਭਰ ਗਏ ਤੇ ਅਖੰਡ ਕੀਰਤਨੀ ਜਥਾ ਪਟਿਆਲੇ ਦਵਾਰਾ ਹੋਏ ਹੋਏ ਪ੍ਰਬੰਧ ਦੇ ਮੁਤਾਬਕ ਇਕ ਘੋਸ਼ਤ ਕੀਤਾ ਗਿਆ ਕਿ ਪ੍ਰਚਾਰ ਦੌਰੇ ਤੇ ਬੁਕ ਹੋਈਆਂ ਹੋਈਆਂ ਸੀਟਾਂ ਲੈਣ ਵਾਲੇ ਸਜਨ ਗੁਰਦਵਾਰਾ ਸਾਹਿਬ ਦੇ ਬਾਹਰ ਸੜਕ ਤੇ ਬਸ ਕੋਲ ਆਪਣਾ ਆਪਣਾ ਸਾਮਾਨ ਲੈ ਕੇ ਇਕੱਠੇ ਹੋ ਜਾਣ। ਮੁਖ ਪ੍ਰਬੰਧਕ ਭਾਈ ਸਾਹਿਬ ਮਹਿੰਦਰ ਸਿੰਘ ਜੀ ਨੇ ਬੜੇ ਆਦਰ ਤੇ ਸਤਿਕਾਰ ਨਾਲ ਯਾਤਰੂ ਸਜਣਾਂ ਨੂੰ ਬਸ ਵਿਚ ਬੈਠਣ ਲਈ ਜੋਦੜੀ ਕੀਤੀ। ਸਾਰਾ ਸਾਮਾਨ ਠੀਕ ਢੰਗ ਨਾਲ ਰਖ ਕੇ ਜਦੋਂ ਚਾਲੇ ਪਾਣ ਦਾ ਸਮਾਂ ਆਇਆ ਤਾਂ ਸਾਰੇ ਪਟਿਆਲੇ ਦਾ ਵਾਯੂ ਮੰਡਲ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਗੂੰਜ ਉਠਿਆ। ਬਸ ਨੂੰ ਸੰਗਤਾਂ ਵਲੋਂ ਗੁਰੂਧਾਮਾਂ ਵਲ ਸੰਦੇਸ਼ ਜੋਹੜੇ ਕਿ ਸ਼ਰਧਾ ਦੀ ਚੁਪ ਬੋਲੀ ਵਿਚ ਸਨ ਸਿੰਘਾਂ ਨੇ ਯਾਤਰੂਆਂ ਨੂੰ ਦਿਤੇ। ਕੋਈ ਵੀ ਸਿਖ ਹਿਰਦਾ ਐਸਾ ਨਹੀਂ ਸੀ ਜਿਹੜਾ ਕਿ ਵੈਰਾਗ ਨਾਲ ਭਰਪੂਰ ਨ ਹੋਵੇ, ਕਈਆਂ ਸਿੰਘਾਂ ਦੀਆਂ ਅਖਾਂ ਪਿਆਰ ਨਾਲ ਜਲ ਜਾਰੀ ਸੀ ਜਦ ਤਕ ਬਸ ਸੰਗਤਾਂ ਦੀਆਂ ਨਜ਼ਰਾਂ ਤੋਂ ਉਲ੍ਹੇ ਨ ਹੋਈ ਉਦੋਂ ਤਕ ਜੈਕਾਰਿਆਂ ਦੀ ਗੂੰਜ ਕੰਨਾਂ ਵਿਚ ਪੈਂਦੀ ਹੀ ਰਹੀ ਯਾਤਰੂਆਂ ਦੇ ਸੀਸ ਸੰਗਤਾਂ ਦੇ ਪ੍ਰੇਮ ਤੇ ਵਿਦਾਇਗੀ ਸਮੇਂ ਦੇ ਵਾਤਾਵਰਨ ਅਗੇ ਝੁਕ ਗਏ ਤੇ ਹਥ ਜੋੜਕੇ ਸੰਗਤਾਂ ਨੂੰ ਨਮਸਕਾਰ ਕਰਦੇ ਹੋਇ ਦਿਲੀ ਵਲ ਦਲ ਪਏ। ਜਥੇਦਾਰ ਦੇ ਹੁਕਮ ਅਨੁਸਾਰ ਕੋਈ ਸਜਣ ਵੀ ਗੁਰਮਤਿ ਵਿਚਾਰ ਯਾ ਗੁਰਬਾਣੀ ਬੋਲਣ ਤੋਂ ਬਗੈਰ ਹੋਰ ਕੁਝ ਨਹੀਂ ਸੀ ਬੋਲਦਾ। ਭਾਵ ਇਹ ਕਿ ਯਾਤ੍ਰਾ ਬਸ ਦੇ ਅੰਦਰੂਨੀ ਵਾਤਾਵਰਨ ਦੀ ਸ਼ੁਧਤਾ ਲਈ ਜਥੇਦਾਰ ਸਾਹਿਬ ਨੇ ਸਿੰਘਾਂ ਨੂੰ ਜੋਦੜੀ ਕਰ ਦਿਤੀ ਜਿਸ ਦਾ ਪਾਲਨ ਕਰਦੇ ਹੋਏ ਸਿੰਘ ਅਧੀ ਰਾਤ ਸਮੇਂ ਦਿਲੀ ਪਹੁੰਚ ਗਏ। ਅਗਲੇ ਦਿਨ ਸਵੇਰੇ ਗੁਰਦਵਾਰਾ ਬੰਗਲਾ ਸਾਹਿਬ ਕੀਰਤਨ ਵਿਚ ਹਾਜ਼ਰੀ ਭਰੀ।

**10-11-70** ਜਦ ਰੈਣ ਸਬਾਈ ਕੀਰਤਨ ਬੰਗਲਾ ਸਾਹਿਬ ਹੋ ਰਹੇ ਸਨ ਤਾਂ ਯਾਤਰਾ ਬਸ ਦੇ ਸਿੰਘ ਸ਼ਾਮ ਨੂੰ ਪਹੁੰਚੇ। ਸੰਗਤ ਵਿਚ ਬੈਠ ਕੇ ਦਿਲੀ ਦੇ ਕੀਰਤਨੀ ਜਥਿਆਂ ਦੇ ਕੀਰਤਨ ਸੁਣੇ। ਪ੍ਰਚਾਰ ਬਸ ਦੇ ਮੁਖੀ ਕੀਰਤਨੀਏ ਭਾਈ ਮਹਿੰਦਰ ਸਿੰਘ ਜੀ ਨੇ ਵੀ ਕੀਰਤਨ ਕੀਤਾ ਅਤੇ ਬਾਹਰ ਤੋਂ ਆਏ ਹੋਏ ਸਿੰਘਾਂ ਨੇ ਵੀ ਕੀਰਤਨ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਰੈਣ ਸਬਾਈ ਕੀਰਤਨ ਬੜੇ ਰੰਗਾਂ


www.AKJ.Org

ਤੇ ਚੜ੍ਹਦੀ ਕਲਾ ਵਿਚ ਹੋਇਆ। ਬਹੁਤ ਹੀ ਭਾਰੀ ਰੌਣਕ ਸੀ ਕਿਉਂ ਜੋ ਯਾਤ੍ਰਾ ਬਸ ਦੇ ਸਿੰਘਾਂ ਦੇ ਦਰਸ਼ਨਾਂ ਲਈ ਤੇ ਉਹਨਾਂ ਦੀ ਸਵੇਰੇ 8 ਵਜੇ ਜੈਪੁਰ ਵਲ ਰਵਾਨਗੀ ਦਾ ਦ੍ਰਿਸ਼ਯ ਵੇਖਣ ਲਈ ਸੰਗਤ ਵਹੀਰਾਂ ਘੱਤ ਕੇ ਆਈ ਹੋਈ ਸੀ। ਬੰਗਲਾ ਸਾਹਿਬ ਦਾ ਵਾਤਾਵਰਨ ਵੀ ਇਕ ਰਮਣੀਕ ਤੇ ਰੱਬੀ ਰੰਗਣ ਨਾਲ ਲਤਪਤ ਸੀ। ਸੰਗਤ ਵਿਚ ਹਾਜ਼ਰੀ ਭਰਨ ਤੋਂ ਪਹਿਲੋਂ ਸਿੰਘ ਆਪਸ ਵਿਚ ਮਿਲ ਰਹੇ ਸਨ। ਕੁਝਕੁ ਸਿੰਘ ਸੰਗਤ ਵਿਚ ਬੈਠਿਆਂ ਹੋਇਆਂ ਹੀ ਦੂਰ ਤੇ ਨੇੜੇ ਬੈਠੇ ਹੋਏ ਸਿੰਘਾਂ ਨਾਲ ਪਿਆਰ ਭਰੀਆਂ ਨਜ਼ਰਾਂ ਤੇ ਇਸ਼ਾਰਿਆਂ ਨਾਲ ਫ਼ਤਹ ਬੁਲਾਉਂਦੇ ਅਨੁਭਵ ਕੀਤੇ ਗਏ। ਇਹ ਸਭ ਗੁਰੂ ਘਰ ਦੀ ਬਖ਼ਸ਼ਿਸ਼ ਦਾ ਸਦਕਾ ਹੀ ਸੀ।

## ਦਿਲੀ ਤੋਂ ਰਵਾਨਗੀ ਦਾ ਸੀਨ

ਜਿਤਨੇ ਕੁ ਪ੍ਰੇਮ ਤੇ ਸ਼ੁਭ ਕਾਮਨਾਵਾਂ ਭਰੇ ਹੋਏ ਸਿੰਘਾਂ ਦੇ ਦਿਲ ਸਨ ਉਸ ਦਾ ਅੰਦਾਜ਼ਾ ਸਤਿਗੁਰੂ ਆਪ ਹੀ ਲਗਾ ਸਕਦੇ ਹਨ। ਰੈਣ ਸਬਾਈ ਕੀਰਤਨ ਦੀ ਸਮਾਪਤੀ ਤੇ ਅਰਦਾਸੇ ਬਾਅਦ ਹੁਕਮਨਾਮਾ ਇਹ ਸੀ —

'ਮਨ ਕੀ ਮਨ ਹੀ ਮਾਹਿ ਰਹੀ।

ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ।'

ਹੁਕਮਨਾਮਾਂ ਕਦੀ ਵੀ ਸਿਖ ਹਿਰਦੇ ਦੀ ਭਾਵਨਾ ਦੇ ਉਲਟ ਨਹੀਂ ਆਉਂਦਾ। ਫੇਰ ਉਸ ਵੇਲੇ ਜਦੋਂ ਗੁਰੂ ਸਾਹਿਬਾਨ ਆਪਣੀ ਹੀ ਆਗਿਆ ਤੇ ਪ੍ਰੇਰਨਾ ਅਨੁਸਾਰ ਸਿੰਘਾਂ ਨੂੰ ਗੁਰੂਧਾਮ ਯਾਤ੍ਰਾ ਲਈ ਆਗਿਆ ਦੇ ਰਹੇ ਹੋਣ। ਕੁਝ ਕੁ ਸਜਨਾਂ ਨੇ ਗੁਰੂ ਸਾਹਿਬਾਨ ਵਲੋਂ ਨਾ-ਖੁਸ਼ੀ ਦਾ ਹੁਕਮ ਸਮਝਿਆ ਪਰ ਸੂਝ ਵਾਲੇ ਸਿੰਘਾਂ ਨੇ ਦਸਿਆ ਕਿ ਗੁਰੂ ਸਾਹਿਬਾਨ ਕਹਿੰਦੇ ਹਨ ਕਿ ਜੇਹੜੇ ਸਿੰਘ ਦੁਚਿਤੇ ਹੋ ਕੇ ਯਾਤਰਾ ਵਿਚ ਨਹੀਂ ਸ਼ਾਮਲ ਹੋ ਸਕੇ ਇਹ ਉਹਨਾਂ ਲਈ ਹੈ ਕਿਉਂ ਜੋ ਉਹਨਾਂ ਹੁਕਮਨਾਮੇ ਵਿਚ ਰਵਾਨਗੀ ਸਮੇਂ ਇਹ ਵੀ ਕਿਹਾ ਹੈ ਕਿ ਵਾਹਿਗੁਰੂ ਦੇ ਭਜਨ ਤੋਂ ਬਿਨਾਂ ਇਸ ਮਾਨਸ ਜਨਮ ਵਿਚ ਹੋਰ ਕੋਈ ਵਸਤੂ ਪ੍ਰਮਾਣੀਕ ਨਹੀਂ, ਅਤੇ ਇਹ ਮਾਨਸ ਜਨਮ ਹੀ ਮਨੁਖ ਲਈ ਵਾਹਿਗੁਰੂ ਦੇ ਮਿਲਾਪ ਦਾ ਕਾਰਨ ਹੈ। ਸੋ ਕੁਝ ਕੁ ਸਜਨਾਂ ਦਾ ਸ਼ੰਕਾ ਕਿ ਚਲਣ ਵੇਲੇ ਗੁਰੂ ਸਾਹਿਬਾਨ ਦਾ ਹੁਕਮਨਾਮਾ ਉਹਨਾਂ ਦੇ ਪ੍ਰਤਿਕੂਲ ਹੈ ਮਿਟ ਗਿਆ ਉਹਨਾਂ ਤੇ 'ਮਿਲਨ ਕੀ ਬਰੀਆ' ਲਈ ਅਸ਼ੀਰਵਾਦ ਹੀ ਦਿਤੀ ਜਿਸ ਨੂੰ ਸਮਝ ਕੇ ਪ੍ਰਸੰਨਤਾ ਪੂਰਬਕ ਸਿੰਘ ਯਾਤਰਾ ਆਰੰਭ ਲਈ ਤੱਤਪਰ ਹੋ ਗਏ। ਸਿੰਘਾਂ ਦਾ ਪੂਰੇ ਤੌਰ ਤੇ ਸ਼ਸਤ੍ਰ ਤੇ ਬਾਣੇ ਸਹਿਤ ਬਸ ਵਿਚ ਬੈਠਣਾ ਇਕ ਸੁੰਦਰ ਨਜ਼ਾਰਾ ਸੀ ਜਿਹੜਾ ਕਿ ਦਿਲੀ ਦੇ ਵਾਤਾਵਰਨ ਦੀ ਸੁੰਦਰਤਾ ਨੂੰ ਦੁਗਣਾ ਕਰ ਰਿਹਾ ਸੀ। ਜਦ ਬਸ ਬੰਗਲਾ ਸਾਹਿਬ ਪਹੁੰਚੀ ਵਾਯੂ ਮੰਡਲ ਤੇ ਜੈਕਾਰਿਆਂ ਨਾਲ ਭਰਪੂਰ ਹੈ ਹੀ ਸੀ; ਪਰ ਖ਼ਾਸ ਚੀਜ਼ ਜੋ ਉਸ ਵੇਲੇ ਦੇਖਣ ਵਾਲੀ ਸੀ ਉਹ ਉਹਨਾਂ ਗੁਰਮੁਖਾਂ ਦੇ ਚਮਕਦੇ ਹੋਏ ਚੇਹਰੇ ਸਨ ਜੇਹੜੇ ਕਿ ਸ਼ਰਧਾ ਦੇ ਫੁਲ ਲੈ ਕੇ ਯਾਤਰਾ-ਬਸ ਨੂੰ ਚਲਣ ਸਮੇਂ ਪ੍ਰਚਾਰ ਦੌਰੇ ਦੀ ਕਾਮਯਾਬੀ ਦੇ ਬਾਰੇ ਬੋਲ ਕੇ ਤੇ ਚੁਪ ਦੋਹਾਂ ਦਸ਼ਾਂ ਵਿਚ ਅਸ਼ੀਰਵਾਦ ਦੇ ਰਹੇ ਸਨ। ਇਹ ਗਲ ਤੈਅ ਹੈ ਕਿ ਮਨੁਖੀ ਕੋਸ਼ਿਸ਼ ਨਾਲੋਂ ਸ਼ੁਭਚਿੰਤਕਾਂ ਦੀਆਂ ਸ਼ੁਭ ਕਾਮਨਾਵਾਂ ਬਹੁਤ ਅਸਰ ਰਖਦੀਆਂ ਹਨ ਫੇਰ ਸੰਗਤ ਦੀਆਂ ਸ਼ੁਭ ਕਾਮਨਾਵਾਂ। ਜਿਸ ਲਈ ਕਿ ਹਰ ਇਕ ਗੁਰਸਿਖ ਤਰਸਦਾ ਹੈ ਪਰ ਜਦੋਂ ਗੁਰੂ ਦੀਆਂ ਅਸ਼ੀਰਵਾਦਾਂ ਵੀ ਪ੍ਰਾਪਤ ਕਰ ਲਈਆਂ ਜਾਣ ਤੇ ਗੁਰੂ ਦੇ ਓਟ ਆਸਰੇ ਕੋਈ ਕੰਮ ਅਰੰਭਿਆ ਜਾਵੇ ਤਾਂ ਫਿਰ ਕਾਮਯਾਬੀ ਤਾਂ ਮਨੁਖਾਂ ਦੇ ਕਦਮ ਚੁੰਮਦੀ ਹੈ। ਠੀਕ ਗੁਰੂ ਆਸ਼ੇ ਅਨੁਸਾਰ ਸੰਗਤਾਂ ਤੇ ਗੁਰੂ ਮਹਾਰਾਜ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਪ੍ਰਚਾਰ ਦੌਰੇ ਦੀ ਬਸ ਦਿਲੀ ਤੋਂ 'ਸਤਿ ਸ੍ਰੀ ਅਕਾਲ' ਦੀ ਗਗਨ ਚੁੰਬੀ ਗੂੰਜਾਂ ਨਾਲ ਜੈਪੁਰ ਵਲ 11-10-70 ਸਵੇਰੇ 10 ਵਜੇ ਚਲ ਪਈ। ਇਥੇ ਇਹ ਭੁਲਣ ਵਾਲੀ ਗਲ ਨਹੀਂ ਕਿ ਜਥੇਦਾਰ ਭਾਈ ਮਹਿੰਦਰ ਸਿੰਘ ਜੀ ਪਟਿਆਲਾ ਵਲੋਂ ਇਹ ਖ਼ਾਸ ਬੇਨਤੀ ਸੀ ਕਿ ਬਸ ਵਿਚ ਸਿਵਾਏ ਗੁਰਬਾਣੀ ਯਾ ਸ਼ਬਦ ਪੜ੍ਹਨ ਯਾ ਗੁਰਮਤਿ ਵਿਚਾਰ ਦੇ ਹੋਰ ਕੋਈ ਵੀ ਅਯੋਗ ਗਲ ਨਾ ਕੀਤੀ ਜਾਏ। ਜਿਸ ਨੂੰ ਮੁਖ



www.AKJ.Org

ਰਖਦਿਆਂ ਹੋਇਆਂ ਸਿੰਘ ਤੇ ਸਿੰਘਣੀਆਂ ਜੋ ਯਾਤ੍ਰਾ ਲਈ ਰਵਾਨਾ ਹੋਏ ਸਨ; ਪੂਰੇ ਯਾਤਰਾ ਦੌਰਾਨ ਵਿਚ ਡਸਿਪਲਨ ਵਿਚ ਰਹੇ । ਇਹ ਇਕ ਬੜੀ ਹੀ ਸ਼ਲਾਘਾਯੋਗ ਗੱਲ ਸੀ—ਗੁਰੂ ਦੀ ਕਿਰਪਾ ਦਾ ਮੀਂਹ ਵਸਦਾ ਨਜ਼ਰ ਆਇਆ ਜਦੋਂ ਕਿ ਬਸ ਦੇ ਸਾਰੇ ਯਾਤਰੀ ਰਸਤੇ ਵਿਚ ਪ੍ਰੇਮ-ਬੋਲੀ ਦਵਾਰਾ ਆਪਸ ਵਿਚ ਗਲ ਬਾਤ ਕਰਦੇ ਤੇ ਆਪਣੇ ਹਿਰਦੇ ਦੇ ਪ੍ਰੇਮ ਨੂੰ ਸ਼ਬਦ ਤੇ ਬਾਣੀ ਦੇ ਗਾਇਨ ਨਾਲ ਜ਼ਾਹਿਰ ਕਰਦੇ । ਵਾਹਿਗੁਰੂ ਦੀ ਕ੍ਰਿਪਾ ਨਾਲ ਸਮਾਂ ਪਾ ਕੇ ਬਸ ਜੈਪੁਰ ਦੀ ਜੂਹ ਵਿਚ ਪਹੁੰਚੀ ।

## ਜੈਪੁਰ ਵਿਚ

ਜੈਪੁਰ ਦੇ ਬਾਜ਼ਾਰਾਂ ਵਿਚੋਂ ਹੁੰਦੀ ਹੋਈ ਬਸ ਉਸ ਅਸਥਾਨ ਦੇ ਕਰੀਬ ਪਹੁੰਚੀ ਜਿਥੇ ਸਿੰਘਾਂ ਦੇ ਠਹਿਰਣ ਦਾ ਪ੍ਰਬੰਧ ਜੈਪੁਰ ਦੀ ਸੰਗਤ ਵਲੋਂ ਕੀਤਾ ਹੋਇਆ ਸੀ । ਦੂਰ ਤੋਂ ਹੀ ਸੰਗਤਾਂ ਦੀ ਭੀੜ ਨੇ ਦਸ ਦਿਤਾ ਕਿ ਅਸੀਂ ਆਪਣੀ ਮਨਜ਼ਲ ਤੇ ਪਹੁੰਚ ਗਏ ਹਾਂ । ਆਉ ਭਗਤ ਕਰਨ ਵਾਲਿਆਂ ਦੇ ਚਮਕਦੇ ਹੋਏ ਉਡੀਕ ਰਹੇ ਚੇਹਰਿਆਂ ਦੀ ਝਲਕ ਨੇ ਯਾਤਰਾ ਬਸ ਦੇ ਸਿੰਘਾਂ ਤੇ ਖ਼ਾਸ ਅਸਰ ਪਾਇਆ । ਉਹਨਾਂ ਦੇ ਪਿਆਰ ਭਰੇ ਦਿਲਾਂ ਦੀ ਧੜਕਨ ਦਾ ਅਸਰ ਆਪ-ਮੁਹਾਰਾ ਹੀ ਯਾਤਰੀਆਂ ਦੇ ਦਿਲਾਂ ਤੇ ਪੈ ਰਿਹਾ ਸੀ । ਜੈਪੁਰ ਦੇ ਸਿੰਘਾਂ ਦੇ ਹੱਥਾਂ ਵਿਚ ਹਾਰ ਲੈ ਕੇ ਆਪਣੇ ਮੁਖੋਂ ਸ਼ਬਦ ਅਲਾਪਦੇ ਹੋਏ ਲਾਈਨ ਵਿਚ ਖ਼ਾਸ ਤਰਤੀਬ ਨਾਲ ਖੜੇ ਹੋਏ "ਆਉ ਜੀ ਤੂ ਆਉ ਹਮਾਰੈ ਹਰਿ ਜਸੁ ਸ੍ਰਵਨ ਸੁਨਾਵਨਾ" ਦੀ ਧੁਨੀ ਨਾਲ ਜੈਪੁਰ ਦਾ ਵਾਯੂ ਮੰਡਲ ਪਵਿਤ੍ਰ ਕਰ ਰਹੇ ਸਨ । ਗੁਰਸਿਖਾਂ ਦੇ ਮੇਲ ਹੋ ਰਹੇ ਸਨ ਦੋਹਾਂ ਪਾਸਿਆਂ ਤੋਂ ਸੰਖੇਪ ਸ਼ਬਦ ਕੀਰਤਨ ਮਗਰੋਂ 'ਆਇ ਮਿਲ ਗੁਰਸਿਖ ਆਇ ਮਿਲ' ਨੂੰ ਅਮਲੀ ਰੂਪ ਦਿਤਾ ਗਿਆ ਤੇ ਮਿਲਣੀ ਤੋਂ ਮਗਰੋਂ ਸਿੰਘਾਂ ਨੇ ਨਿਵਾਸ ਅਸਥਾਨ ਜਾ ਕੇ ਆਪਣਾ ਸਾਮਾਨ ਰਖਿਆ ਜੈਪੁਰ ਦੇ ਸਿੰਘ ਮਸ਼ੀਨਰੀ ਵਾਂਙੂ ਸੇਵਾ ਵਿਚ ਜੁਟ ਗਏ ਤੇ ਸ਼ਾਮ ਨੂੰ ਰੈਣ ਸਬਾਈ ਕੀਰਤਨ ਆਰੰਭ ਹੋਏ । ਕੀਰਤਨ ਚੜ੍ਹਦੀ ਕਲਾ ਵਿਚ ਹੋਇਆ, ਮੁਖੀ ਕੀਰਤਨੀਏ ਭਾਈ ਮਹਿੰਦਰ ਸਿੰਘ ਜੀ ਤੇ ਬੀਬੀ ਕ੍ਰਿਪਾਲ ਕੌਰ ਜੀ ਨੇ ਕੀਰਤਨ ਦੀ ਰੱਬੀ ਦਾਤ ਦਵਾਰਾ ਸਭ ਸੰਗਤਾਂ ਨੂੰ ਨਿਹਾਲ ਕੀਤਾ । ਹੋਰ ਦੂਜੇ ਕੀਰਤਨੀਏ ਸਿੰਘਾਂ ਤੇ ਸਿੰਘਣੀਆਂ ਨੇ ਵੀ ਹਰਿਜਸ ਵਿਚ ਕੀਰਤਨ ਰਾਹੀਂ ਆਪਣਾ ਆਪਣਾ ਹਿਸਾ ਪਾਇਆ । ਉਪਰੰਤ ਅਰਦਾਸਾ ਹੋਇਆ ਜਿਸ ਦੇ ਬਾਅਦ ਸਿੰਘਾਂ ਨੂੰ ਬੜੇ ਪ੍ਰੇਮ ਸਹਿਤ ਲੰਗਰ ਛਕਾ ਕੇ ਕੁਝ ਕੁ ਜੈਪੁਰ ਦੇ ਸਿੰਘ ਯਾਤ੍ਰਾ ਬਸ ਦੇ ਨਾਲ ਹੀ ਕੋਟੇ ਵਲ ਜਾਣ ਲਈ ਸ਼ਾਮਲ ਹੋ ਗਏ । ਇਸ ਵਿਚ ਜੈਪੁਰੀ ਸਿੰਘਾਂ ਦੇ ਉਤਸ਼ਾਹ ਤੇ ਪ੍ਰੇਮ ਦੀ ਝਲਕ ਸੀ। ਜੈਪੁਰ ਤੋਂ ਲੈ ਕੇ ਕੋਟੇ ਪਹੁੰਚਣ ਦੇ ਦੌਰਾਨ ਵਿਚ ਫਿਰ ਜਥੇਦਾਰ ਜੀ ਨੇ ਯਾਤਰਾ ਬਸ ਦੇ ਸਿੰਘਾਂ ਨੂੰ ਬਸ ਅੰਦਰ ਗੁਰਮਤਿ ਵਾਤਾਵਰਨ ਰਖਣ ਲਈ ਜੋਦੜੀ ਕੀਤੀ ਜਿਸ ਦੀ ਪੂਰੇ ਤੌਰ ਤੇ ਪਾਲਨਾ ਕੀਤੀ ਗਈ ਤੇ ਬਸ ਸਫ਼ਰ ਦੀ ਮੰਜ਼ਲ ਕਟ ਕੇ ਕੁਝ ਸਮੇਂ ਮਗਰੋਂ ਕੋਟੇ ਦੀ ਜੂਹ ਵਿਚ ਦੌੜਦੀ ਨਜ਼ਰ ਆਈ ।

## ਕੋਟੇ ਵਿਚ

ਜਦ ਯਾਤਰਾ-ਬਸ ਕੋਟੇ ਦੀਆਂ ਉਨ੍ਹਾਂ ਗਲੀਆਂ ਵਿਚ ਚਲ ਰਹੀ ਸੀ, ਜਿਥੇ ਕਿ ਕੋਟੇ ਦੀ ਸੰਗਤ ਵਲੋਂ ਯਾਤਰਾ ਜਥੇ ਲਈ ਸੇਵਾ-ਪ੍ਰਬੰਧ ਹੋ ਰਹੇ ਸਨ ਤਾਂ ਐਸਾ ਮਾਲੂਮ ਹੋਇਆ ਕਿ ਕੋਟਾ ਦੇ ਸਿੰਘ ਸ਼ਹਿਦ ਦੀਆਂ ਮੱਖੀਆਂ ਵਾਂਗੂ ਸੇਵਾ ਦੀ ਧੁਨ ਵਿਚ ਹਨ ਪੰਡਾਲ ਵਿਚ ਕੋਈ ਕੁਝ ਕਰ ਰਿਹਾ ਹੈ ਕੋਈ ਲੰਗਰ ਵਿਚ ਕਿਸੇ ਕੰਮ ਦੀ ਸੇਵਾ ਵਿਚ ਹੈ । ਸਾਹਮਣੇ ਹੀ ਕਮਰਿਆਂ ਦੀ ਲਾਈਨ ਸੀ, ਜਿਥੇ ਕਿ ਸਿੰਘਾਂ ਦੇ ਉਤਾਰੇ ਦਾ ਪ੍ਰਬੰਧ ਸੀ–ਬਸ ਤੋਂ ਉਤਰਦਿਆਂ ਹੀ ਗੁਰਸਿਖ-ਮਿਲਾਪ ਲਈ ਦੋਹਾਂ ਪਾਸਿਆਂ ਦੇ ਸਿੰਘ ਇਕੱਠੇ ਹੋਏ ਖੜੇ ਖੜੇ ਹੀ ਕੀਰਤਨ ਛਾਂਦੇ ਭੁੰਚਣ ਲਗੇ । ਪ੍ਰੇਮ ਤੇ ਸਤਿਕਾਰ ਦੀਆਂ ਨਜ਼ਰਾਂ ਨੇ ਆਪਸ ਵਿਚ ਮਿਲ ਕੇ ਆਨੰਦ ਲਿਆ । ਸਵਾਗਤੀ ਸਿੰਘਾਂ ਨੇ ਬੜੇ ਆਦਰ ਤੇ ਪ੍ਰੇਮ ਨਾਲ ਜੋਦੜੀ ਕਰਦੇ ਹੋਏ ਸਵਾਗਤੀ ਕੀਰਤਨ ਦੀ ਸਮਾਪਤੀ ਮਗਰੋਂ



www.AKJ.Org

ਸਿੰਘਾਂ ਨੂੰ ਆਪ ਉਨ੍ਹਾਂ ਦਾ ਸਾਮਾਨ ਉਠਾ ਕੇ ਬਿਸਰਾਮ ਸਥਾਨ ਤੇ ਪਹੁੰਚਾਇਆ । ਕੋਟੇ ਦੇ ਸਿੰਘ ਸੇਵਾ ਦੀ ਚਲਦੀ ਫਿਰਦੀ ਮੂਰਤ ਸਨ । ਕੁਝ ਸਮੇਂ ਮਗਰੋਂ ਸ਼ਾਮ ਦੇ ਦੀਵਾਨ ਆਰੰਭ ਹੋ ਗਏ । ਦੂਸਰੇ ਦਿਨ ਅੰਮ੍ਰਿਤ ਵੇਲੇ ਕੀਰਤਨ ਆਸਾ ਦੀ ਵਾਰ ਦਾ ਦਸ ਵਜੇ ਤਕ ਹੋਇਆ ਤੇ ਸ਼ਾਮ ਨੂੰ ਰੈਣ-ਸਬਾਈ ਕੀਰਤਨ ਲਈ ਆਰੰਭ ਹੋਏ ਤੇ ਨਾਲ ਹੀ ਅੰਮ੍ਰਿਤ ਸੰਚਾਰ ਦਾ ਪ੍ਰੋਗਰਾਮ ਵੀ ਸੀ ਸੰਗਤ ਵਿਚ ਅੰਮ੍ਰਿਤ ਅਭਲਾਸ਼ੀਆਂ ਦੇ ਗੁਰਦੁਆਰਾ ਸਾਹਿਬ ਦੀ ਉਪਰਲੀ ਮੰਜ਼ਲ ਤੇ ਪਹੁੰਚਣ ਦੀ ਘੋਸ਼ਨਾ ਕੀਤੀ ਗਈ ਅੰਮ੍ਰਿਤ ਸੰਚਾਰ ਪ੍ਰੋਗਰਾਮ ਤੇ ਰੈਣ ਸਬਾਈ ਕੀਰਤਨ ਆਰੰਭ ਹੋਏ। ਤੜਕੇ 3 ਵਜੇ ਅੰਮ੍ਰਿਤ ਸੰਚਾਰ ਪ੍ਰੋਗਰਾਮ ਦੀ ਸਮਾਪਤੀ ਮਗਰੋਂ ਅੰਮ੍ਰਿਤ ਛਾਂਦੇ ਛਕ ਕੇ ਤੇ ਨਵਾਂ ਜੀਵਨ ਪ੍ਰਾਪਤ ਕਰਕੇ ਸਿੰਘ ਸਿੰਘਣੀਆਂ ਬਚੇ ਆਦਿ ਪੰਜ ਪਿਆਰਿਆਂ ਦੇ ਨਾਲ ਹੀ ਸੰਗਤ ਦੇ ਦਰਸ਼ਨਾਂ ਲਈ ਦੀਵਾਨ ਵਿਚ ਹਾਜ਼ਰ ਹੋਏ । ਬੜਾ ਹੀ ਸੁੰਦਰ ਨਜ਼ਾਰਾ ਸੀ। ਗੁਰੂ ਸਾਹਿਬਾਨ ਦੇ ਪ੍ਰਤਖ ਦਰਸ਼ਨ ਪੰਜਾਂ ਪਿਆਰਿਆਂ ਦੀ ਹਾਜ਼ਰੀ ਸੀ ਸੰਗਤ ਦੇ ਦਿਲੀ ਉਲਾਸ ਦਾ ਪ੍ਰਮਾਨ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਧੁਨੀ ਤੇ 'ਸੋ ਅੰਮ੍ਰਿਤ ਗੁਰ ਤੇ ਪਾਇਆ' ਦੇ ਸ਼ਬਦ ਦਾ ਅਲਾਪ ਸੀ ਕੋਟੇ ਦਾ ਸਾਰਾ ਵਾਯੂ ਮੰਡਲ ਆਤਮਕ ਰੰਗਨ ਵਿਚ ਰੰਗਿਆ ਹੋਇਆ ਮੁਰਦਾ ਤੇ ਭਟਕੀਆਂ ਹੋਈਆਂ ਰੂਹਾਂ ਨੂੰ ਵੀ ਸੁਰਜੀਤ ਕਰਦਾ ਹੋਇਆ ਭਾਸਿਆ । ਕੋਟੇ ਨਿਵਾਸੀਆਂ ਨੇ ਪ੍ਰੇਮ ਕਰਦਿਆਂ ਹੋਇਆਂ ਇਕ ਦੋ ਹੋਰ ਅਸਥਾਨਾਂ ਤੇ ਅਖੰਡ ਕੀਰਤਨੀ ਜਥੇ ਕੋਲੋਂ ਛੋਟੇ ਕੀਰਤਨ ਸਮਾਗਮ ਕਰਵਾਏ, ਸੇਵਾ ਕਰਦਿਆਂ ਹੋਇਆਂ ਕੋਟਾ ਨਿਵਾਸੀਆਂ ਨੇ ਆਪਣੇ ਆਪਣੇ ਘਰਾਂ ਦੇ ਗੁਸਲਖਾਨੇ ਤੇ ਕਮਰੇ ਸਿੰਘਾਂ ਦੇ ਇਸਤੇਮਾਲ ਆਦਿ ਲਈ ਖੁਲ੍ਹੇ ਰਖੇ ਕੋਈ ਸਿੰਘ ਕਿਸੇ ਸਮੇਂ ਕਿਸੇ ਘਰ ਵਿਚ ਜਾ ਕੇ ਆਰਾਮ ਕਰ ਸਕਦਾ ਸੀ ਇਹ ਕੋਟਾ ਨਿਵਾਸੀਆਂ ਦੇ ਅਸੀਮ ਪ੍ਰੇਮ ਦਾ ਸਬੂਤ ਸੀ ਬਸ ਦੇ ਕੀਰਤਨੀ ਜਥਿਆਂ ਦੇ ਆਗੂ ਭਾਈ ਮਹਿੰਦਰ ਸਿੰਘ ਜੀ ਨੇ ਪਹਿਲੇ ਸਥਾਨਾਂ ਵਾਂਙੂ ਰਵਾਨਗੀ ਸਮੇਂ ਕੋਟਾ ਦੀ ਸੰਗਤ ਦਾ ਧੰਨਵਾਦ ਕੀਤਾ ਤੇ ਯਾਤਰੂਆਂ ਨੂੰ ਤਿਆਰ ਕਰ ਕੇ ਬਸ ਵਿਚ ਬਿਠਾ ਕੇ ਬੜੋਦਾ ਵਲ ਚਾਲੇ ਪਾਏ ।

## ਬੜੋਦਾ ਵਿਚ

ਆਪਣੇ ਨੀਯਤ ਸਮੇਂ ਪਹੁੰਚਣ ਦੀ ਬਜਾਏ ਯਾਤਰਾ ਬਸ ਰਸਤੇ ਦੀਆਂ ਚੁੰਗੀ-ਸਥਾਨਾਂ ਦੀਆਂ ਕਠਨਾਈਆਂ ਕਾਰਨ, ਬੜੋਦਾ ਲੇਟ ਪਹੁੰਚੀ । ਉਥੇ ਪਹੁੰਚਣ ਦਾ ਅਸਲੀ ਸਮਾਂ ਸ਼ਾਮ ਦੇ 6 ਵਜੇ ਸੀ, ਸੰਗਤਾਂ ਗੁਰਦਵਾਰਾ ਸਾਹਿਬ ਬੈਠੀਆਂ ਇੰਤਜ਼ਾਰ ਕਰ ਰਹੀਆਂ ਸਨ । ਕੈਪਟਨ ਅਮ੍ਰੀਕ ਸਿੰਘ ਜੀ ਜੋ ਬੜੋਦਾ ਸੰਗਤ ਦੇ ਮੁਖੀ ਪਰਬੰਧਕ ਸਨ, ਬੜੀ ਬੇਚੈਨੀ ਨਾਲ ਉਡੀਕ ਕਰਦੇ ਕਰਦੇ ਕਈ ਰਸਤਿਆਂ ਤੇ ਚੱਕਰ ਕਟ ਰਹੇ ਸਨ ਪਰ ਇਧਰੋਂ ਯਾਤਰਾ ਬਸ ਸਮੇਂ ਤੇ ਨ ਪਹੁੰਚੀ ਤਾਂ ਸੰਗਤਾਂ ਉਡੀਕ ਉਡੀਕ ਕੇ ਘਰ ਚਲੀਆਂ ਗਈਆਂ । ਯਾਤਰਾ ਬਸ ਬੜੋਦਾ $12\frac{1}{2}$ ਵਜੇ ਪਹੁੰਚੀ ਤੇ ਸਿਧੀ ਕੈਪਟਨ ਸਾਹਿਬ ਦੇ ਘਰ ਜਾ ਉਤਾਰਾ ਕੀਤਾ ਸਾਰਾ ਪਰਵਾਰ ਤੇ ਕੁਝ ਹੋਰ ਸਿੰਘ ਆਉਣ ਵਾਲੇ ਸਿੰਘਾਂ ਦੀ ਸੇਵਾ ਵਿਚ ਜੁਟ ਗਏ ਤੇ ਸਿੰਘਾਂ ਨੇ ਸਵੇਰੇ ਪੰਜ ਵਜੇ ਤਕ ਆਰਾਮ ਕੀਤਾ ਤੇ ਫਿਰ ਸਿਧੇ ਗੁਰਦਵਾਰਾ ਸਾਹਿਬ ਕੀਰਤਨ ਆਰੰਭ ਲਈ ਪਹੁੰਚੇ । ਕੀਰਤਨ ਲਈ ਸੰਗਤਾਂ ਵਹੀਰਾਂ ਘਤ ਕੇ ਪਹੁੰਚ ਗਈਆਂ ਤੇ ਕੀਰਤਨ 10 ਵਜੇ ਤਕ ਹੋਇਆ ਜਿਸ ਦੀ ਸਮਾਪਤੀ ਤੇ ਜਥੇਦਾਰ ਸਾਹਿਬ ਨੇ ਦੇਰ ਨਾਲ ਪਹੁੰਚਣ ਦਾ ਕਾਰਨ ਦਸਦਿਆਂ ਹੋਇਆਂ ਸੰਗਤਾਂ ਕੋਲੋਂ ਖੇਚਲ ਤੇ ਉਡੀਕ ਕਰਦੇ ਰਹਿਣ ਦੀ ਖਿਮਾ ਮੰਗੀ। ਸਾਰੀ ਯਾਤਰਾ ਵਿਚ ਇਹੀ ਇਕੋ ਸਥਾਨ ਸੀ ਜਿਥੇ ਯਾਤਰਾ ਬਸ ਕੁਝ ਨ ਕਾਬੂ ਆਉਣ ਵਾਲੇ ਹਾਲਾਤ ਕਾਰਨ ਦੇਰ ਨਾਲ ਪਹੁੰਚੀ। ਪਰ ਦਾਤੇ ਦਾ ਸ਼ੁਕਰ ਹੈ ਕਿ ਕੀਰਤਨ ਦੇ ਛਾਂਦਿਆਂ ਨੇ ਬੜੋਦਾ ਨਿਵਾਸੀਆਂ ਦੀ ਮਾਯੂਸੀ ਤੇ ਉਡੀਕ ਦੀ ਥਕਾਵਟ ਨੂੰ ਭੁਲਾ ਦਿਤਾ ਸੰਗਤਾਂ ਬੜੇ ਪ੍ਰੇਮ ਨਾਲ ਗੁਰਦਵਾਰਾ ਸਾਹਿਬ ਸਿੰਘ ਸਭਾ ਬੜੋਦਾ ਦੇ ਗੇਟ ਦੇ ਸਾਹਮਣੇ ਸਜਲ ਨੇਤਰਾਂ ਨਾਲ ਯਾਤਰਾ



www.AKJ.Org

ਬਸ ਦੀ ਰਵਾਨਗੀ ਲਈ ਖੜੀਆਂ ਅੰਤ੍ਰੀਵੀ ਸ਼ੁਭ ਕਾਮਨਾਵਾਂ ਫੈਲ੍ਹ ਰਹੀਆਂ ਸਨ ਜਿਸਦਾ ਅਨੁਭਵ ਉਨ੍ਹਾਂ ਦੇ ਜੁੜੇ ਹਥ ਤੇ ਝੁਕੇ ਹੋਇ ਸੀਸ ਕਰਵਾ ਰਹੇ ਸਨ। ਇਹ ਸਭ ਸੋਭਾ ਗੁਰੂ ਮਹਾਰਾਜ ਜੀ ਦੀ ਹੀ ਸੀ ਜੋ ਕਿ ਬੜੋਦਾ ਨਿਵਾਸੀ ਸਿੰਘਾਂ ਨੇ ਕੀਰਤਨ ਬਾਰੇ ਕੀਤੀ। ਜਥੇਦਾਰ ਸਾਹਿਬ ਜੀ ਨੇ ਇਸ ਸਮੇਂ ਬੜੋਦਾ ਦੀ ਸੰਗਤ ਨੂੰ ਤਸੱਲੀ ਦੇਂਦਿਆਂ ਹੋਇਆਂ ਕਹਿਆ ਕਿ ਜੇ ਦਾਤੇ ਨੂੰ ਮਨਜ਼ੂਰ ਹੋਇਆ ਤਾਂ ਅਸੀਂ ਇਸ ਸਮੇਂ ਦੀ ਭੁਲ ਦੀ ਖਿਮਾ ਸੰਗਤ ਕੋਲੋਂ ਖਾਸ ਬੜੋਦਾ ਲਈ ਹੀ ਇਕ ਪ੍ਰੋਗਰਾਮ ਰਖ ਕੇ ਹਾਜ਼ਰੀ ਭਰਕੇ ਮੰਗਾਂਗੇ। ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਯਾਤਰਾ-ਬਸ ਬੜੋਦਾ ਤੋਂ ਬੰਬਈ ਲਈ ਰਵਾਨਾ ਹੋ ਗਈ। ਇਹ ਗਲ ਚੇਤੇ ਰਖਣ ਵਾਲੀ ਹੈ ਕਿ ਜਿਥੇ ਯਾਤਰਾ-ਬਸ ਸਿੰਘਾਂ ਦੀ ਸੇਵਾ ਸੰਗਤਾਂ ਬੜੇ ਪ੍ਰੇਮ ਨਾਲ ਕਰਦੀਆਂ ਸਨ ਉਥੇ ਨਾਲ ਹੀ ਨਾਲ ਭਾਈ ਮਹਿੰਦਰ ਸਿੰਘ ਜੀ ਯਾਤਰਾ ਬਸ ਦੇ ਸਿੰਘਾਂ ਨੂੰ ਇਸ ਸੇਵਾ ਦੇ ਭਾਰ ਉਤਾਰਨ ਦੇ ਉਪਰਾਲੇ ਲਈ "ਨਾਮ ਜਪਣ" ਤੇ "ਬਿਰਤੀ ਸੁਧ ਰਖਣ" ਦੀ ਵੀ ਤਾੜਨਾ ਕਰਦੇ ਰਹਿੰਦੇ ਸਨ ਕਿਉਂਕਿ ਸੇਵਾ ਦਾ ਅੰਨ ਤਾਂ ਹੀ ਹਜ਼ਮ ਹੁੰਦਾ ਹੈ ਜਦੋਂ ਸੇਵਾ ਕਰਵਾਉਣ ਵਾਲਾ ਡਟ ਕੇ ਨਾਮ ਜਪੇ। ਯਾਤਰਾ-ਬਸ ਚਲਦੀ ਚਲਦੀ ਬੰਬਈ ਸ਼ਹਿਰ ਪਹੁੰਚੀ।

## ਬੰਬਈ ਵਿਚ

ਇਹ ਗਲ ਵੀ ਚੇਤੇ ਰਖਣ ਵਾਲੀ ਹੈ ਕਿ ਜਿਥੇ ਯਾਤ੍ਰਾ ਦੇ ਦੌਰਾਨ ਵਿਚ ਸ਼ੈਹਰਾਂ ਦੀਆਂ ਸੰਗਤਾਂ ਅਖੰਡ ਕੀਰਤਨੀ ਜਥਾ ਪਟਿਆਲਾ ਵਲੋਂ ਤ੍ਰਿਆਰ ਕੀਤੀ ਹੋਈ ਯਾਤ੍ਰਾ-ਬਸ ਦੀ ਉਡੀਕ ਲਈ ਉਤਾਵਲੀਆਂ ਹੋ ਹੋ ਜਾਂਦੀਆਂ ਸਨ ਉਥੇ ਯਾਤ੍ਰਾ ਬਸ ਦੇ ਸਿੰਘ ਤੇ ਸਿੰਘਣੀਆਂ ਵੀ ਨਵੇਂ ਨਵੇਂ ਅਪਰਚਿਤ ਗੁਰਸਿਖਾਂ ਦੇ ਦਰਸ਼ਨਾਂ ਲਈ ਬੇਚੈਨੀ ਮਹਿਸੂਸ ਕਰਦੇ ਸਨ ਤੇ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਉਨ੍ਹਾਂ ਦੇ ਪ੍ਰੇਮ ਸੇਵਾ, ਦਿਲੀ ਉਤਸ਼ਾਹ ਦੀ ਸ਼ਲਾਘਾ ਕਰਦਿਆਂ ਹੋਇਆਂ ਉਨ੍ਹਾਂ ਲਈ ਗੁਰੂ ਕ੍ਰਿਪਾ ਦੀ ਮੰਗ ਗੁਰੂ ਸਾਹਿਬਾਨ ਕੋਲੋਂ ਕਰਦੇ ਸਨ ਤੇ ਨਾਲ ਹੀ ਨਾਲ ਇਹ ਵੀ ਦਿਲਾਂ ਅੰਦਰ ਸਿਖ ਰਹੇ ਸਨ ਕਿ ਸੇਵਾ ਕਿਸ ਤਰਾਂ ਕਰਨੀ ਚਾਹੀਦੀ ਹੈ। ਯਾਤਰਾ ਬਸ ਦੇ ਸਿੰਘਾਂ ਵਿਚੋਂ ਵੀ ਕਈ ਸਿੰਘਾਂ ਨੇ ਆਪਣੇ ਸ਼ਹਿਰਾਂ ਵਿਚ ਇਸੇ ਪ੍ਰਚਾਰ ਜਥੇ ਦੀ ਸੇਵਾ ਕੀਤੀ ਤੇ ਉਸ ਦੀ ਵਿਧੀ ਯਾਤਰਾ ਦੇ ਦੌਰਾਨ ਵਿਚ ਹੀ ਸਿਖੀ। ਇਹ ਪ੍ਰਚਾਰ ਦੌਰੇ ਦਾ ਪਰੋਗਰਾਮ ਯਾਤਰਾ-ਬਸ ਦੇ ਸਿੰਘਾਂ ਲਈ ਵੀ ਸਿਖਿਆ ਭਰਪੂਰ ਸੀ।

ਬੰਬਈ ਦੇ ਰੌਣਕ ਭਰੇ ਬਾਜ਼ਾਰਾਂ ਵਿਚ ਘੁੰਮਦੀ ਹੋਈ ਯਾਤਰਾ ਤੇ ਪ੍ਰਚਾਰ ਬਸ ਦਾਦਰ ਸਿੰਘ ਸਭਾ ਦੇ ਗੇਟ ਅਗੇ ਰੁਕੀ—ਬੇਸ਼ੁਮਾਰ ਸਿੰਘ ਸਿੰਘਣੀਆਂ ਸਵਾਗਤ ਲਈ ਖੜੇ ਸਨ ਗੁਰਦਵਾਰਾ ਸਾਹਿਬ ਅਗੇ ਹੀ ਮਿਲਣੀ-ਕੀਰਤਨ ਹੋਏ। ਆਮ ਤੌਰ ਤੇ ਸਵਾਗਤੀ ਸ਼ਬਦ ਸੰਗਤਾਂ ਵਲੋਂ 'ਹਮ ਘਰ ਸਾਜਨ ਆਏ' ਯਾ 'ਆਉ ਜੀ ਤੂ ਆਉ ਹਮਾਰੈ' ਦੀ ਆਰੰਭੀ ਤੁਕਾਂ ਵਾਲੇ ਸਨ ਤੇ ਭਾਈ ਸਾਹਿਬ ਮਹਿੰਦਰ ਸਿੰਘ ਜੀ 'ਮੈ ਆਇਆ ਦੂਰੋਂ ਚਲ ਕੇ, ਹਉ ਤਕੀ ਤੁਹਿ ਸਰਨਾਇ ਜੀਓ' ਤੁਕ ਵਾਲਾ ਸ਼ਬਦ ਕੀਰਤਨ ਉਤਰ ਵਜੋਂ ਪੜ੍ਹਦੇ ਸਨ। ਪਰ ਹਰ ਸ਼ਹਿਰ ਵਿਚ ਸਿੰਘਾਂ ਦੇ ਸਵਾਗਤ ਦਾ ਖਾਸ ਤੇ ਅਨੋਖਾ ਹੀ ਨਜ਼ਾਰਾ ਹੁੰਦਾ ਸੀ। ਸਵਾਗਤੀ ਕੀਰਤਨ ਮਗਰੋਂ ਗੁਰਦਵਾਰਾ ਸਾਹਿਬ ਦੀ ਛੱਤ ਸਿੰਘਾਂ ਤੇ ਫੁਲਾਂ ਦੀ ਬਰਖਾ ਕੀਤੀ ਗਈ, ਐਸਾ ਅਨੁਭਵ ਹੋ ਰਿਹਾ ਸੀ ਜਿਵੇਂ ਹਰ ਫੁਲ ਦੀ ਬਿਖਰੀ ਹੋਈ ਪੱਤੀ ਸਿੰਘਾਂ ਦੇ ਸਰੀਰਾਂ ਤੇ ਸ਼ਸਤਰਾਂ ਨਾਲ ਛੂਹ ਕੇ ਗੁਰੂ ਸਾਹਿਬਾਨ ਦੇ ਸ਼ੁਕਰਾਨੇ ਅੰਦਰ ਆ ਕੇ ਆਪਣਾ ਮਸਤਕ ਝੁਕਾਨ ਲਈ ਜ਼ਮੀਨ ਤੇ ਹੌਲੀ ਹੌਲੀ ਆ ਰਹੀ ਹੈ--ਬੰਬਈ ਦੇ ਦਾਦਰ ਸਿੰਘ ਸਭਾ ਦੇ ਗੇਟ ਅਗੇ ਇਹ ਗੁਰਸਿਖਾਂ ਦੇ ਮਿਲਾਪ ਦਾ ਬੇਨਜ਼ੀਰ ਸੀਨ ਸੜਕਾਂ ਤੇ ਚਲਦਿਆਂ ਹੋਇਆਂ ਦੂਜੇ ਮਨੁਖਾਂ ਨੂੰ ਅਪਣੀ ਵਲ ਖਿਚਣ ਬਗੈਰ ਨ ਰਹਿ ਸਕਿਆ ਤੇ ਭੀੜ ਇਤਨੀ ਹੋ ਗਈ ਕਿ ਸੜਕਾਂ ਤੇ ਆਉਣਾ ਜਾਣਾ ਮੁਸ਼ਕਿਲ ਹੋ ਗਿਆ। ਇਹ ਸਭ ਗੁਰੂ ਮਹਾਰਾਜ ਦੀ ਵਡਿਆਈ ਹੀ ਸੀ ਜੋ ਆਪ ਆਪਣੇ ਸਿੰਘਾਂ ਕੋਲੋਂ ਕਰਵਾ ਰਿਹਾ ਸੀ ਤੇ ਆਪ ਹੀ



www.AKJ.Org

ਵੇਖ ਵੇਖ ਕੇ ਪ੍ਰਸੰਨ ਹੋ ਰਿਹਾ ਸੀ 'ਕਿਉ ਜੋ ਵੇਖ ਵਿਡਾਨ ਰਹਿਆ ਵਿਸਮਾਦ, ਨਾਨਕ ਬੁਝਨ ਪੂਰੇ ਭਾਗ' ਦੇ ਮੁਤਾਬਕ ਦਾਤਾ ਆਪਣੀ ਵਡਿਆਈ ਵੇਖ ਕੇ ਆਪ ਹੀ ਪ੍ਰਸੰਨ ਹੁੰਦਾ ਹੈ ਐਸਾ ਉਸ ਵਾਤਾ-ਵਰਨ ਵਿਚ ਕੁਝ ਕੁ ਸੋਝੀ ਵਾਲੇ ਸਿੰਘਾਂ ਨੇ ਵੀ ਮਹਿਸੂਸ ਕੀਤਾ—ਇਥੇ ਇਹ ਵੀ ਚੇਤੇ ਰਖਣਾ ਚਾਹੀਦਾ ਹੈ ਕਿ:—

"ਹਰਿ ਆਪਣੀ ਵਡਿਆਈ ਭਾਵਦੀ, ਜਨ ਕਾ ਜੈਕਾਰੁ ਕਰਾਈ" ਜਦੋਂ ਉਸ ਵਾਹਿਗੁਰੂ ਨੇ ਆਪਣੀ ਵਡਿਆਈ ਕਰਵਾਉਣੀ ਹੁੰਦੀ ਹੈ ਉਦੋਂ ਉਹ ਆਪਣੇ ਜਨ ਅਰਥਾਤ ਭਗਤ ਯਾ ਸੇਵਕ ਦੀ ਜੈ ਜੈ ਕਾਰ ਮਨੁਖਾਂ ਕੋਲੋਂ ਕਰਵਾਉਂਦਾ ਹੈ। ਸੋ ਯਾਤਰਾ-ਬਸ ਦੇ ਸਿੰਘਾਂ ਲਈ ਇਹ ਵੀ ਸੂਚਨਾ ਸੀ ਮਤ ਕਿਧਰੇ ਉਹ ਇਹ ਸਮਝ ਲੈਣ ਕਿ ਸਾਡੀ ਜੈ ਜੈ ਕਾਰ ਹੋ ਰਹੀ ਹੈ, ਇਹ ਸਭ ਕੁਝ ਉਸ ਦਾਤੇ ਦਾ ਆਪਣਾ ਹੀ ਸੀ, ਸਭ ਸਿਫਤਾਂ ਉਸੇ ਦੀਆਂ ਹੀ ਹਨ।

ਲੇਖ ਦੇ ਟੀਚੇ ਤੋਂ ਦੂਰ ਨ ਜਾਂਦਿਆਂ ਹੋਇਆਂ ਫੇਰ ਉਥੇ ਹੀ ਆਉਂਦਾ ਹਾਂ ਕਿ ਮਿਲਾਪ-ਕੀਰਤਨ ਮਗਰੋਂ ਸਿੰਘਾਂ ਦਾ ਉਤਾਰਾ ਗੁਰਦਵਾਰਾ ਸਾਹਿਬ ਦੀ ਤੀਜੀ ਮੰਜ਼ਲ ਤੇ ਹੋਇਆ ਤੇ ਲੰਗਰ ਦਾ ਇੰਤਜ਼ਾਮ ਚੌਥੀ ਅਰਥਾਤ ਸਭ ਤੋਂ ਉਪਰਲੀ ਮੰਜ਼ਲ ਤੇ ਸੀ। ਬੰਬਈ ਸ਼ਹਿਰ ਦੀਆਂ ਸੰਗਤਾਂ ਦਾ ਪ੍ਰੇਮ ਗੁਰਦਵਾਰਾ ਦੀ ਬਿਲਡਿੰਗ ਤੋਂ ਹੀ ਚਲਦਾ ਸੀ ਗੁਰਦਵਾਰਾ ਸਾਹਿਬ ਬਿਲਡਿੰਗ ਤੇ ਕਰੋੜਾਂ ਹੀ ਰੁਪੈ ਖਰਚ ਹੋਏ ਹੋਣਗੇ। ਗੁਰਦਵਾਰਾ ਸਾਹਿਬ ਦੇ ਅੰਦਰ ਜਾਂਦਿਆਂ ਹੀ ਬੰਬਈ ਦੇ ਸਿੰਘਾਂ ਨੇ ਸੇਵਾ ਕਰਨੀ ਸ਼ੁਰੂ ਕਰ ਦਿਤੀ ਯਾਤਰਾ ਬਸ ਦੇ ਸਿੰਘਾਂ ਨੇ ਪ੍ਰਸ਼ਾਦਿ ਛਕਣ ਤੋਂ ਪਹਿਲੋਂ ਗੁਰੂ ਸਾਹਿਬਾਨ ਦੀ ਹਾਜ਼ਰੀ ਭਰੀ। ਅਗਲੇ ਦਿਲ ਸਵੇਰੇ ਕੀਰਤਨ ਚੜ੍ਹਦੀ ਕਲਾ ਵਿਚ ਹੋਏ, ਜਿਸ ਵਿਚ ਸ਼ਰੋਮਣੀ ਕੀਰਤਨੀਏ ਤੋਂ ਇਲਾਵਾ ਅਖੰਡ ਕੀਰਤਨੀ ਜਥੇ ਮੇਰਠ ਤੇ ਅੰਮ੍ਰਿਤਸਰ ਦੇ ਕੀਰਤਨੀਆਂ ਨੇ ਸ਼ਰਧਾ ਪੂਰਵਕ ਆਪਣਾ ਹਿਸਾ ਪਾਇਆ। ਰਾਤ ਲਈ ਰੈਣ ਸਬਾਈ ਕੀਰਤਨ ਦਾ ਹੁਕਮਨਾਮਾ ਹੋਇਆ ਤੇ ਨਾਲ ਹੀ ਨਾਲ ਅੰਮ੍ਰਿਤ ਸੰਚਾਰ ਲਈ ਵੀ ਘੋਸ਼ਨਾ ਕੀਤੀ ਗਈ। ਅੰਮ੍ਰਿਤ ਸੰਚਾਰ ਲਈ ਸੇਵਾਦਾਰ ਸਿੰਘ ਤਿਆਰ ਹੋ ਕੇ ਸ਼ਾਮ ਦੇ 5 ਵਜੇ ਇਕ ਖ਼ਾਸ ਭਵਨ ਵਿਚ ਪਹੁੰਚ ਗਏ ਤੇ ਉਸ ਦੇ ਬਾਹਰ ਅੰਮ੍ਰਿਤ ਅਭਲਾਸ਼ੀਆਂ ਨੇ ਇਕੱਠੇ ਹੋ ਕੇ ਤਿਆਰੀਆਂ ਆਰੰਭ ਕੀਤੀਆਂ। ਅੰਮ੍ਰਿਤ ਸੰਚਾਰ ਸਮਾਗਮ ਰਾਤ ਦੇ 3 ਵਜੇ ਤਕ ਮੁਕੰਮਲ ਹੋਇਆ ਤੇ ਪੰਜ ਪਿਆਰੇ ਇਕ ਖ਼ਾਸ ਹੀ ਗੁਰੂ ਦੀ ਬਖਸ਼ੀ ਹੋਈ ਰੰਗਨ ਵਿਚ ਅੰਮ੍ਰਿਤ ਪਾਨ ਕਰਨ ਵਾਲਿਆਂ ਸਿੰਘਾਂ ਨੂੰ ਨਾਲ ਲੈ ਕੇ ਗੁਰੂ ਮਹਾਰਾਜ ਜੀ ਦੀ ਹਾਜ਼ਰੀ ਭਰਨ ਲਈ ਆਏ। ਜਿਸ ਨੇ ਅਜੇ ਤਕ ਸਚਖੰਡ ਦਾ ਨਕਸ਼ਾ ਨਹੀਂ ਸੀ ਵੇਖਿਆ ਉਸ ਨੇ ਵੀ ਉਸ ਨਜ਼ਾਰੇ ਨੂੰ ਸ਼ੁਕਰਾਨੇ ਵਜੋਂ ਸੀਸ ਝੁਕਾਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਕਾਫ਼ੀ ਸਿੰਘਾਂ ਸਿੰਘਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਉਸ ਸਮੇਂ ਭਾਈ ਸਾਹਿਬ ਮਹਿੰਦਰ ਸਿੰਘ ਜੀ ਹਰਦਵਾਰ ਵਾਲੇ ਬੜੀ ਆਤਮਕ ਰੰਗਣ ਨਾਲ ਕੀਰਤਨ ਕਰ ਰਹੇ ਸਨ ਉਹਨਾਂ ਨੂੰ ਦਾਤੇ ਤੇ ਸੰਗਤ ਨਾਲ ਜੁੜਿਆਂ ਕਰੀਬਨ ਦੋ ਘੰਟੇ ਹੋ ਗਏ ਸਨ ਤੇ ਸੰਗਤਾਂ ਪ੍ਰੇਮ ਤੇ ਰਸ ਮਾਣ ਰਹੀਆਂ ਸਨ ਉਸੇ ਸਮੇਂ ਭਾਈ ਜਸਬੀਰ ਸਿੰਘ ਜੀ ਪਟਿਆਲੇ ਵਾਲਿਆਂ ਕੀਰਤਨ ਆਰੰਭ ਕੀਤਾ ਤੇ ਫੇਰ ਸੰਗਤਾਂ ਉਸ ਰੰਗਣ ਵਿਚ ਲਿਵਲੀਨ ਹੋ ਕੇ ਗੁਰੂ ਦੀ ਹਾਜ਼ਰੀ ਵਿਚ ਬੈਠੀਆਂ ਆਤਮ-ਰਸ ਵਿਚ ਕੀਰਤਨ ਸੁਣਕੇ ਲਿਵਲੀਨ ਹੋ ਗਈਆਂ। ਰੈਣਸਬਾਈ ਕੀਰਤਨ ਖ਼ਾਸ ਤੌਰ ਤੇ ਰੰਗ ਵਿਚ ਹੋਏ ਤੇ ਬੰਬਈ ਦੀਆਂ ਸੰਗਤਾਂ ਤੇ ਯਾਤਰਾ ਬਸ ਦੇ ਸਿੰਘ ਸਿੰਘਣੀਆਂ ਅੰਦਰੂਨੀ ਆਨੰਦ ਪ੍ਰਾਪਤ ਕਰ ਕੇ ਦੀਵਾਨ ਮਗਰੋਂ ਇਸ ਤਰ੍ਹਾਂ ਉਠੇ ਜਿਵੇਂ ਆਤਮ-ਰਸ ਦੇ ਸੁਵਰਗੀ ਝੂਟੇ ਲੈ ਕੇ ਕੁਝ ਚਿਰ ਮਗਰੋਂ ਵੀ ਆਤਮਕ ਰੰਗਣ ਵਾਲੇ ਸਰਸ਼ਾਰ ਰਹਿੰਦੇ ਹਨ। ਬੰਬਈ ਦੀਆਂ ਸੰਗਤਾਂ ਨੇ ਅਤੁਟ ਸੇਵਾ ਕੀਤੀ ਤੇ ਕਈ ਹੋਰ ਥਾਂਵਾਂ ਤੇ ਕੀਰਤਨ ਵੀ ਹੋਏ। ਜਥੇਦਾਰ ਦੇ ਕੀਰਤਨੀ ਟੋਲਿਆਂ ਵਿਚ ਯਾਤਰਾ-ਬਸ ਦੇ ਸਿੰਘਾਂ ਨੂੰ ਵੰਡ ਦਿਤਾ ਜਿਸ ਕਰ ਕੇ ਕਿਸੇ ਵੀ ਥਾਂ ਦੇ ਸਿੰਘਾਂ ਦੀ ਕੀਰਤਨ ਦੀ ਮੰਗ ਨੂੰ ਨਾ ਠੁਕਰਾਇਆ ਗਿਆ। ਜਿਸ ਕਾਰਨ



www.AKJ.Org

ਭਾਈ ਮਹਿੰਦਰ ਸਿੰਘ ਜੀ ਚੇਹਰੇ ਤੋਂ ਹਰ ਸੂਝ ਵਾਲਾ ਸਜਣ ਇਵੇਂ ਹੀ ਸਮਝ ਸਕਦਾ ਸੀ ਕਿ ਭਾਈ ਸਾਹਿਬ ਨੇ ਗੁਰੂ ਦੀ ਕੀਰਤਨ ਦੀ ਦਾਤ ਲਈ ਸਭ ਸਜਣਾਂ ਦੀ ਮੰਗ ਨੂੰ ਪੂਰਿਆਂ ਕਰ ਕੇ ਗੁਰੂ ਦੇ ਹੁਕਮ ਦੀ ਪਾਲਣਾ ਕੀਤੀ ਹੈ ਤੇ ਉਹ ਅੰਦਰੂਨੀ ਖੁਸ਼ੀ ਮਹਿਸੂਸ ਕਰ ਰਹੇ ਹਨ।

## ਪੂਨੇ ਵਲ

ਹਾਲਾਤ ਇਥੋਂ ਤਕ ਹੋ ਗਏ ਕਿ ਕੀਰਤਨ ਦੀ ਮੰਗ ਨੂੰ ਪੂਰਾ ਕਰਨ ਦੇ ਪੂਰਨ ਯਤਨ ਕਰਦਿਆਂ ਹੋਇਆਂ ਭਾਈ ਮਹਿੰਦਰ ਸਿੰਘ ਜੀ ਨੇ ਹਰਦਵਾਰ ਤੇ ਬਰੇਲੀ ਦੇ ਕੀਰਤਨੀ ਸਿੰਘਾਂ ਦੇ ਨਾਲ ਕੁਝ ਹੋਰ ਸਿੰਘਾਂ ਨੂੰ ਪੂਨੇ ਠੀਕ ਟਾਈਮ ਤੇ ਪਹੁੰਚਣ ਲਈ ਪਹਿਲੋਂ ਹੀ ਭੇਜ ਦਿਤਾ ਤੇ ਆਪ ਬੰਬਈ ਦੇ ਸਿੰਘਾਂ ਦੀ ਕੀਰਤਨ ਦੀ ਮੰਗ ਨੂੰ ਪੂਰਾ ਕਰਨ ਲਈ ਰਾਹ ਵਿਚ ਮੁਲੰਡ ਕਾਲੋਨੀ ਹੀ ਰੁਕ ਗਏ। ਕਿਉਂ ਜੋ ਗੁਰੂ ਦੀਆਂ ਖੁਸ਼ੀਆਂ ਸਿੰਘਾਂ ਦੀਆਂ ਖੁਸ਼ੀਆਂ ਵਿਚ ਹਨ ਕਿਸੇ ਅਸਥਾਨ ਦੇ ਕਿਸੇ ਵੀ ਸਿੰਘ ਦੀ ਕੀਰਤਨ ਦੀ ਮੰਗ ਨੂੰ ਨਹੀਂ ਠੁਕਰਾਇਆ ਗਿਆ। ਸੋ ਗੁਰੂ ਜੀ ਦੀ ਅਸ਼ੀਰਵਾਦ ਲੈਂਦਿਆਂ ਹੋਇਆਂ ਬਾਕੀ ਦੇ ਸਿੰਘ ਵੀ ਪੂਨਾ ਵਲ ਚਲ ਪਏ ਚੂੰਕਿ ਰਾਤ ਦੇ ੯ ਵਜੇ ਐਡਵਾਂਸ ਕੀਰਤਨ ਪਾਰਟੀ ਪੂਨਾ ਪਹੁੰਚ ਗਈ ਹੋਈ ਸੀ ਤੇ ਉਨ੍ਹਾਂ ਦੋ ਘੰਟੇ ਕੀਰਤਨ ਫੈਕਟਰੀ ਗੁਰਦਵਾਰੇ ਵਿਚ ਕੀਤਾ ਇਸ ਵਾਸਤੇ ਪੂਨਾ ਦੀ ਸੰਗਤ ਨੂੰ ਵੀ ਟਾਈਮ ਤੇ ਹੀ ਕੀਰਤਨ ਸੁਨਣ ਦਾ ਮੌਕਾ ਮਿਲ ਗਿਆ। ਜਦੋਂ ਯਾਤ੍ਰਾ-ਬਸ ਤੇ ਪੂਰੇ ਸਿੰਘ ਪੂਨਾ ਪਹੁੰਚ ਗਏ ਤਾਂ ਸਵੇਰੇ ਪੂਨਾ ਸ਼ਹਿਰ ਵਿਖੇ ਕੀਰਤਨ ਹੋਇਆ ਜਿਸ ਦਾਂ ਆਰੰਭ ਭਾਈ ਮਹਿੰਦਰ ਸਿੰਘ ਜੀ ਹਰਦਵਾਰ ਵਾਲਿਆਂ ਕੀਤਾ ਤੇ ਖੂਬ ਰੰਗਣ ਨਾਲ ਕੀਰਤਨ ਕੀਤਾ। ਫੇਰ ਸ਼ਰੋਮਣੀ ਕੀਰਤੀਨੀਏ ਦੇ ਕੀਰਤਨ ਮਗਰੋਂ ਬੀਬੀ ਕ੍ਰਿਪਾਲ ਕੌਰ ਜੀ ਪਟਿਆਲੇ ਵਾਲਿਆਂ ਨੇ ਖੂਬ ਠਾਠ ਬੰਨ੍ਹਿਆ, ਜਿਸ ਦਾ ਅਸੀਮ ਆਨੰਦ ਸੰਗਤਾਂ ਪ੍ਰਾਪਤ ਕਰਕੇ ਨਿਹਾਲ ਹੋਈਆਂ। ਜਥੇਦਾਰ ਦੇ ਹੁਕਮ ਅਨੁਸਾਰ ਕੋਈ ਵੀ ਯਾਤ੍ਰਾ-ਬਸ ਦਾ ਸਿੰਘ ਐਸਾ ਨਹੀਂ ਸੀ ਜੋ ਕਦੀ ਵੀ ਕਿਸੀ ਸਮੇਂ ਕੀਰਤਨ ਤੋਂ ਗੈਰ ਹਾਜ਼ਰ ਹੁੰਦਾ ਯਾ ਕੀਰਤਨ ਪਿਛੇ ਪਿਛੇ ਨ ਬੋਲਦਾ ਇਹ ਜਥੇ ਦੇ ਡਸਿਪਲਨ ਰਖਣ ਕਰਕੇ ਜਥੇਦਾਰ ਵਲੋਂ ਬੇਨਤੀ ਸੀ ਜਿਸ ਦਾ ਪਾਲਨ ਪੂਰੀ ਤਰ੍ਹਾਂ ਹਰ ਥਾਂ ਤੇ ਕੀਤਾ ਜਾਂਦਾ ਸੀ। ਫਿਰ ਹਾਲੀਵੁਡ ਗੁਰਦਵਾਰੇ ਕੀਰਤਨ ਹੋਏ ਜਿਥੇ ਗੁਰੂ ਮਹਾਰਾਜ ਦੀਆਂ ਅਸੀਸਾਂ ਸੰਗਤਾਂ ਨੂੰ 'ਦਯਾ ਕਰਣੰ, ਦੁਖ ਹਰਣੰ', ਦੇ ਮਹਾਂਵਾਕ ਨਾਲ ਮਿਲੀਆਂ। ਉਸਤੋਂ ਮਗਰੋਂ ਯਾਤ੍ਰਾ-ਬੱਸ ਸ੍ਰੀ ਹਜ਼ੂਰ ਸਾਹਿਬ ਵਲ ਰਵਾਨਾ ਹੋ ਗਈ। ਪੂਨੇ ਦੇ ਸਿੰਘਾਂ ਦੀ ਸੇਵਾ ਵੀ ਸ਼ਲਾਘਾਯੋਗ ਸੀ। ਬੜੇ ਉਤਸ਼ਾਹ ਤੇ ਪ੍ਰੇਮ ਨਾਲ ਸੇਵਾ ਕੀਤੀ। ਯਾਤ੍ਰਾ-ਬਸ ਦੇ ਇਕ ਇਕ ਸਿੰਘ ਨੂੰ ਪੂਰੀ ਤਰ੍ਹਾਂ ਸੇਵਾ ਲਈ ਪੁਛਿਆ। (ਬਾਕੀ ਫੇਰ)

——

## ਖੰਨਾ ਵਿਖੇ ਮਾਸਕ ਰੈਣ ਸਬਾਈ ਕੀਰਤਨ

ਸਰਬਤ ਗੁਰੂ ਸੰਗਤਾਂ ਨੂੰ ਦੋਇ ਕਰ ਜੋੜ ਬਿਨੈ ਕੀਤੀ ਜਾਂਦੀ ਹੈ ਕਿ ਭਾਈ ਸਾਹਿਬ ਕਰਤਾਰ ਸਿੰਘ ਜੀ ਨੇੜੇ ਲੇਡੀ ਹਸਪਤਾਲ ਜੀ. ਟੀ. ਰੋਡ, ਖੰਨਾ ਦੇ ਗ੍ਰਹਿ ਵਿਖੇ ਮਾਸਕ ਰੈਣ ਸਬਾਈ 28.11.70, 29.11.70 ਦੀ ਵਿਚਕਾਰਲੀ ਰਾਤ ਨੂੰ ਬੜੀ ਚੜ੍ਹਦੀ ਕਲਾ ਵਿਚ ਹੋ ਰਹੀ ਹੈ, ਸੋ ਆਇ ਦੀਦਾਰ ਬਖਸ਼ੋ ਤੇ ਪਵਿਤ੍ਰ ਅਖੰਡ ਕੀਰਤਨ, ਅੰਮ੍ਰਿਤ ਸਮਾਗਮ ਵਿਚ ਹਾਜ਼ਰੀ ਭਰ ਕੇ ਸਚੇ ਤੇ ਸੁਚੇ ਲਾਹੇ ਮਾਣੋ ਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਪੁਛ ਗਿੱਛ ਲਈ—ਉਜਾਗਰ ਸਿੰਘ ਮਾਸਟਰ
ਪਿੰਡ ਫਰਵਾਲੀ, ਡਾਕਘਰ ਲੋਹਟਵਦੀ (ਸੰਗਰੂਰ)



www.AKJ.Org

# ਸਿੱਖੀ ਨਿਸ਼ਾਨਾ

(ਭਾਈ ਦੇਵਾ ਸਿੰਘ 'ਕਿਰਤੀ' ਅੰਮ੍ਰਿਤਸਰ)

ਅਸਲ ਵਿਚ ਸਿਖ ਪੰਥ ਦਾ ਪ੍ਰਗਟ ਹੋਣਾ ਵੀ ਇਕ ਕਰਾਮਾਤ ਹੈ । ਕੋਈ ਸੁਰਗਾਂ ਬਹਿਸ਼ਤਾਂ ਦਾ ਲਾਰਾ ਨਹੀਂ ਦਿਤਾ ਗਿਆ, ਕੋਈ ਹੂਰਾਂ ਸ਼ਰਾਬਾਂ ਦਾ ਭੁਲੇਖਾ ਨਹੀਂ ਪਾਇਆ ਗਿਆ, ਸਗੋਂ ਉਲਟਾ ਜਿਹਾ ਖੇਲ ਸੀ ਨੰਗੀ ਤਲਵਾਰ ਫੜ ਕੇ ਸਾਰੇ ਦੀਵਾਨ 'ਚ ਸਿਰ ਮੰਗਣਾ । ਫੇਰ ਇਕ ਨੂੰ ਤਾਂ ਭੁਲੇਖਾ ਲੱਗ ਸਕਦਾ ਸੀ, ਦੂਜੇ ਦਾ ਖੂਨ ਭਰੀ ਤਲਵਾਰ ਵੇਖ ਕੇ ਸਿਰ ਦੇਣ ਉਠਣਾ ਕਮਾਲ ਹੈ । ਏਥੇ ਹੀ ਬੱਸ ਨਹੀਂ ਪੰਜ ਪਿਆਰੇ ਹਾਜ਼ਰ ਹੋਣੇ, ਪਹਿਲਾਂ ਸਿਖ ਬਣੇ, ਫੇਰ ਆਪਣੇ ਗੁਰੂ ਨੂੰ ਅੰਮ੍ਰਿਤ ਛਕਾਇਆ ਤੇ ਆਪੇ ਗੁਰ ਚੇਲਾ ਬਣ ਗਏ। ਏਸ ਤਰ੍ਹਾਂ ਦੇ ਦ੍ਰਿਸ਼ ਦੀ ਕੋਈ ਮਿਸਾਲ ਸੰਸਾਰ ਵਿਚ ਨਹੀਂ ਮਿਲਦੀ । ਫੇਰ ਏਡੀ ਵਡੀ ਹਕੂਮਤ ਮੁਗਲ ਰਾਜ ਦਾ ਖਾਤਮਾ ਕਰਨਾ ਤੇ ਉਂਗਲਾਂ ਤੇ ਗਿਣੀ ਜਾਣ ਵਾਲੀ ਨਿੱਕੀ ਜਿਹੀ ਕੌਮ ਦਾ ਇਕ ਵਾਰ ਕਾਬਲ ਤਕ ਰਾਜ ਹੋਣਾ ਕੋਈ ਕਰਾਮਾਤ ਤੋਂ ਘਟ ਨਹੀਂ । ਅੱਜ ਪਾਕਿਸਤਾਨ ਵਿਚੋਂ ਆਉਣ ਲੱਗਿਆਂ ਜੇਕਰ ਮੁਸਲਮਾਨਾਂ ਨੇ ਸਭ ਤੋਂ ਵਧ ਪ੍ਰਤੀਤ ਕੀਤਾ ਤਾਂ ਇਸ ਨਿੱਕੇ ਪੰਥ ਦਾ, ਤੇ ਇਸੇ ਕਰਕੇ ਓਥੇ ਹਿੰਦੂ ਬਣ ਕੇ ਰਹਿਣਾ ਏਡਾ ਮੁਸ਼ਕਲ ਨਹੀਂ ਸੀ ਜਿੰਨਾ ਕੇਸ ਦਾਹੜੀ ਵਾਲਾ ਸਿੱਖ । ਅੰਗਰੇਜ਼ ਜਿਹੇ ਸਿਆਸਤਦਾਨ ਤੇ ਲੀਗ ਦੀ ਜ਼ਾਲਮਾਨਾ ਪਾਲਸੀ ਵਿਚੋਂ ਜਿਸ ਤਰ੍ਹਾਂ ਸਿਖ ਨਿਕਲੇ ਹਨ, ਇਹ ਭੀ ਕਰਾਮਾਤ ਤੋਂ ਘਟ ਨਹੀਂ । ਅੱਜ ਚਾਰ ਚੁਫੇਰੇ ਸਿਖਾਂ ਤੇ ਬਿਪਤਾ ਦੇ ਝੱਖੜ ਝੁਲ ਰਹੇ ਦਿਸ ਰਹ ਹਨ । ਸਿਖ ਲੀਡਰਾਂ ਵਿਚ ਇਤਫਾਕ ਨਹੀਂ ਹੁੰਦਾ ਜਾਪਦਾ, ਕਈ ਤਰ੍ਹਾਂ ਦੀਆਂ ਪਾਰਟੀਆਂ ਬਣ ਜਾਣ ਤੇ ਬੇਸ਼ਕ ਕਈ ਧੜੇ ਵੱਜਦੇ ਹਨ, ਪਰ ਅਜੇ ਵੀ ਵਡੀ ਆਸ ਹੈ ਕਿ ਛੇਤੀ ਹੀ ਪੰਥ ਆਪਣੇ ਪੈਰਾਂ ਤੇ ਖੜ ਸਕੇਗਾ । ਪਰ ਇਹ ਹੋ ਤਾਂ ਹੀ ਸਕੇਗਾ ਜੇਕਰ ਸਾਨੂੰ ਸਮਝ ਆ ਜਾਵੇਗੀ ਕਿ ਅਸੀਂ ਕੇਹੜੇ ਰਸਤੇ ਤੋਂ ਭੁਲੇ ਹੋਏ ਹਾਂ ਤੇ ਕਿਧਰ ਜਾਣਾ ਹੈ ? ਮੈਨੂੰ ਤਾਂ ਜਦੋਂ ਭੀ ਕੋਈ ਭੁਲੇਖਾ ਦਿਸਦਾ ਹੈ ਤਾਂ ਉਹ ਕੇਵਲ ਇਕੋ ਇਕ ਗੁਰਬਾਣੀ ਤੋਂ ਗਾਫਲ ਹੋ ਜਾਣ ਦੇ ਕਾਰਨ ਹੀ ਦਿਸਦਾ ਹੈ ।

ਜੇ ਤਨਿ ਬਾਣੀ ਵਿਸਰਿ ਜਾਇ ।
ਜਿਉ ਪਕਾ ਰੋਗੀ ਵਿਲਲਾਇ ।

ਠੀਕ ਸਾਡੀ ਦਸ਼ਾ ਇਹੋ ਹੋ ਗਈ ਹੈ, ਗੁਰ-ਬਾਣੀ ਦਾ ਪਿਆਰ ਗਿਆ ਤੇ ਨਾਲ ਹੀ ਸੁਧ ਵਿਹਾਰ ਗਿਆ । ਸੁਧ ਵਿਹਾਰ ਦੇ ਜਾਣ ਕਰਕੇ ਸੁਧ ਅਹਾਰ ਤੇ ਓਸ ਤੋਂ ਪੈਦਾ ਹੋਣ ਵਾਲਾ ਸੁਧ ਆਚਾਰ ਨਹੀਂ ਰਿਹਾ । ਗੁਰਦੇਵ ਨੇ ਸਾਨੂੰ ਪੂਰਨੇ ਪਾ ਕੇ ਸਮਝਾਣ ਦੀ ਖਾਤਰ ਨੰਗੇ ਧੜ ਦਰਿਆ ਦੇ ਕੰਢੇ ਮਗਰ ਦੁਸ਼ਮਨ ਆਉਂਦੇ ਤਕ ਕੇ ਵੀ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਨਾ ਖੁੰਝਾਇਆ ਤੇ ਬਾਣੀ ਦਾ ਵਿਛੋੜਾ ਨਾ ਸਹਾਰਿਆ, ਪਰ ਅੱਜ ਓਸ ਦੇ ਸਿਖ ਸਦਾਣ ਵਾਲਿਆਂ ਨੂੰ ਇਹ ਚੇਤਾ ਹੀ ਨਹੀਂ ਕਿ ਕਿਹੜੇ ਵੇਲੇ ਸਾਨੂੰ ਗੰਦੇ ਗੀਤਾਂ ਤੇ ਰੇਡੀਓ ਤੋਂ ਵੀ ਵੇਹਲ ਮਿਲਦੀ ਹੈ ? ਤੇ ਅਸੀਂ ਕਦੇ ਗੁਰਬਾਣੀ ਵਲ ਵੀ ਹਿਤ ਲਾ ਸਕੀਏ, ਉਲਟਾ ਗੁਰੂ ਨੂੰ ਉਲਾਂਭੇ ਹਨੋਰੇ ਦੇਂਦੇ ਹਾਂ ਤੇ ਸਾਡੀ ਦਸ਼ਾ ਠੀਕ ਇਹੋ ਬਣ ਗਈ ਹੈ :

ਐਸਾ ਜਗੁ ਦੇਖਿਆ ਜੁਆਰੀ ।
ਸਭਿ ਸੁਖ ਮਾਗੇ ਨਾਮ ਬਿਸਾਰੀ ।

***



www.AKJ.Org

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | |
|---|---|
| ਜੇਲ੍ਹ ਚਿੱਠੀਆਂ | ੫-੦੦ |
| ਗੁਰਮਤ ਨਾਮ ਅਭਿਆਸ ਕਮਾਈ | ੩-੦੦ |
| ਗੁਰਮਤ ਲੇਖ | ੨-੫੦ |
| ਗੁਰਮਤ ਬਬੇਕ | ੩-੦੦ |
| ਸੱਚਖੰਡ ਦਰਸ਼ਨ | ੦-੭੫ |
| ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧-੫੦ |
| ਚਰਨ ਕਮਲ ਕੀ ਮਉਜ | ੦-੯੦ |
| ਅਣਡਿਠੀ ਦੁਨੀਆਂ | ੪-੦੦ |
| ਅੰਮ੍ਰਿਤ ਕਲਾ | ੦-੪੦ |
| ਅੰਮ੍ਰਿਤ ਕੀ ਹੈ ? | ੦-੩੦ |
| ਸੁਪਨਾ | ੦-੩੦ |
| ਬਾਬਾ ਵੈਦ ਰੋਗੀਆਂ ਦਾ | ੦-੨੦ |
| ਗਯਾਨ ਚਾਨਣਾ | ੦-੧੦ |
| ਰੰਗਲੇ ਸਜਣ | ੨-੫੦ |
| ਸਿੱਖ ਕੌਣ ਹੈ ? | ੦-੧੫ |
| ਆਸਤਕ ਨਾਸਤਕ | ੦-੧੫ |
| ਕੋ ਵਿਰਲਾ ਗੁਰਮਤਿ ਚਲੈ | ੦-੨੦ |
| ਸਚੀਆਂ ਦਾਹੜੀਆਂ | ੦-੧੨ |
| ਸੰਤ ਪਦ ਨਿਰਣੇ | ੨-੨੫ |
| ਗੁਰਮਤ ਰਮਜ਼ਾਂ | ੦-੬੫ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੧੦ |
| ਪ੍ਰਗਟੀ ਜੋਤ ਮਿਲੇ ਰਾਮ ਪਿਆਰੇ | ੦-੩੦ |
| ਗੁਰਮਤਿ ਗੌਰਵਤਾ | ੫-੦੦ |
| ਸਿੰਘਾਂ ਦਾ ਪੰਥ ਨਿਰਾਲਾ | ੦-੪੦ |
| ਅਕਾਲ ਪੁਰਖ ਦੇ ਪ੍ਰਤਖ ਦਰਸ਼ਨ | ੦-੨੦ |
| ਵਾਹਿਗੁਰੂ ਸਿਮਰਨ | ੦-੨੦ |
| ਸਿਖੀ ਸਿਦਕ ਤੇ ਧਰਮ ਰਖਿਆ | ੦-੨੦ |
| ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੩੦ |
| ਝਟਕਾ ਮਾਸ ਪਰਥਾਇ ਤੱਤ ਗੁਰਮਤਿ ਨਿਰਣਯ | ੨-੦੦ |
| ਗੁਰਮਤ ਵਿਚਾਰ | ੦-੮੦ |
| ਨਾਮ ਦਾ ਦਾਤਾ ਤੇ ਸਿਮਰਨ ਦਾ ਦਾਤਾ ਸਤਿਗੁਰੂ | ੦-੭੫ |
| ਨਾਮ ਸਬੰਧੀ ਵਿਚਾਰ | ੦-੫੦ |
| ਗੁਰਬਾਣੀ ਸਬੰਧੀ ਸ਼ੰਕਿਆਂ ਦਾ ਉਤਰ | ੦-੫੦ |
| ਸੰਥਾ ਸੈਂਚੀਆਂ ਪਹਿਲਾ ਹਿਸਾ (ਸ਼. ਕ.) | ੮-੦੦ |
| ਗੁਰਸਿਖ ਰਹਿਣੀ (ਲੇਖਕ ਬੀਬੀ ਅਮਰਜੀਤ ਕੌਰ) | ੦-੩੦ |
| ਆਤਮਾ ਕੀ ਹੈ ? (ਲੇਖਕ ਭਾ. ਵਧਾਵਾ ਸਿੰਘ ਜੀ ਪਟਿਆਲਾ) | ੫-੦੦ |
| ਜੀਵਨ ਬ੍ਰਿਤਾਂਤ ਭਾਈ ਰਣਧੀਰ ਸਿੰਘ ਜੀ (ਲੇਖਕ ਬਾਬਾ ਸੁਰਜਨ ਸਿੰਘ) | ੦-੫੦ |

ਨੋਟ :—ਸਾਥੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਵਲੋਂ ਛਪੀਆਂ ਪੁਸਤਕਾਂ, ਗੁਟਕੇ, ਸ਼ਬਦਾਰਥ ਆਦਿ ਵੀ ਮਿਲ ਸਕਦੇ ਹਨ । ਡਾਕ ਖ਼ਰਚ ਵਖਰਾ, ਆਰਡਰ ਨਾਲ ਪੇਸ਼ਗੀ ਜ਼ਰੂਰੀ ਹੈ ।

ਪੁਸਤਕਾਂ ਮਿਲਣ ਦਾ ਪਤਾ :—

**ਸੂਰਾ ਪੁਸਤਕ ਭੰਡਾਰ** ਧੋਬੀ ਘਾਟ, ਪਟਿਆਲਾ ।



www.AKJ.Org

ਆਉ ਜੀ ਤੂ ਆਉ ਹਮਾਰੈ, ਹਰਿ ਜਸ ਸਰਵਨ ਸੁਨਾਵਨਾ ॥
ਤੁਧ ਆਵਤ ਮੇਰਾ ਮਨ ਤਨ ਹਰਿਆ, ਹਰਿ ਜਸ ਤੁਮ ਸੰਗ ਗਾਵਨਾ ॥

# ਾਲਾਨਾ ਅਖੰਡ ਕੀਰਤਨ ਸਮਾਗਮ

## ਪਟਿਆਲਾ ਸ਼ਹਿਰ ਵਿਖੇ

ੁਰੂ ਰੂਪ ਗੁਰ ਸੰਗਤ ਜੀਓ,

ਆਪ ਜੀ ਨੂੰ ਇਹ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ ਹਰ ਸਾਲ ਦੀ ਤਰ੍ਹਾਂ ਇਸ ਵੀ ਅਖੰਡ ਕੀਰਤਨ ਦੇ ਅਦੁਤੀ ਸਮਾਗਮ ਪੰਜਾਬ ਦੇ ਇਤਿਹਾਸਕ ਸ਼ਹਿਰ ਆਲਾ ਵਿਖੇ 26, 27, 28 ਫ਼ਰਵਰੀ 1971 ਦਿਨ ਸ਼ੁਕਰ, ਸ਼ਨੀ ਤੇ ਐਤਵਾਰ ਨੂੰ ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ, ਪਟਿਆਲਾ ਵਿਖੇ ਹੋਣੇ ਨੀਯਤ ਹੋਏ ਹਨ।

ਇਨ੍ਹਾਂ ਸਮਾਗਮਾਂ ਵਿਚ ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਸਮੂੰਹ ਅਖੰਡ ਕੀਰਤਨੀ ਜਥੇ ਭਾਰਤ ਭਰ ਦੇ ਕੋਨੇ ੨ 'ਚੋਂ ਦਰਸ਼ਨ ਦੇ ਰਹੇ ਹਨ।

## * ਪ੍ਰੋਗਰਾਮ *

26 ਫ਼ਰਵਰੀ 1971 ਦਿਨ ਸ਼ੁਕਰਵਾਰ
ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ, ਪਟਿਆਲਾ
ਅੰਮ੍ਰਿਤ ਵੇਲੇ 5 ਤੋਂ 11 ਵਜੇ ਤਕ ਸ਼ਾਮ 7 ਤੋਂ 10 ਵਜੇ ਤਕ

27 ਫ਼ਰਵਰੀ 1971 ਦਿਨ ਸ਼ਨੀਵਾਰ
ਗੁਰਦਵਾਰਾ ਦੂਖ ਨਿਵਾਰਨ ਸਾਹਿਬ, ਪਟਿਆਲਾ
ਅੰਮ੍ਰਿਤ ਵੇਲੇ 5 ਤੋਂ 12 ਵਜੇ ਤਕ
ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ, ਪਟਿਆਲਾ
ਅੰਮ੍ਰਿਤ ਸੰਚਾਰ ਸਮਾਗਮ—ਦੁਪਹਿਰ 2 ਵਜੇ ਆਰੰਭ
ਰੈਣ ਸਬਾਈ ਕੀਰਤਨ ਆਰੰਭ ਰਾਤ 8 ਵਜੇ

28 ਫਰਵਰੀ 1971 ਦਿਨ ਐਤਵਾਰ
ਸਮਾਪਤੀ ਰੈਣ ਸਬਾਈ ਕੀਰਤਨ ਸਵੇਰੇ 8 ਵਜੇ

ਨੋਟ :—1. ਬਾਹਰੋਂ ਆਈਆਂ ਸੰਗਤਾਂ ਦਾ ਉਤਾਰਾ ਸ੍ਰੀ ਗੁਰੂ ਸਿੰਘ ਸਭਾ, ਡ, ਪਟਿਆਲਾ ਵਿਖੇ ਹੋਵੇਗਾ।

. ਸੰਗਤਾਂ ਪ੍ਰਤੀ ਜੋਦੜੀ ਹੈ ਕਿ ਉਪ੍ਰੋਕਤ ਤਾਰੀਖਾਂ ਨੂੰ ਕਿਧਰੇ ਭੀ ਕੋਈ ਮਾ ਮ ਨ ਰਖੇ ਜਾਣ ਤਾਂ ਜੋ ਸਭ ਗੁਰੂ ਪਾਤਸ਼ਾਹ ਦੀ ਗੋਦ ਵਿਚ ਇਕੱਤਰ ਲਾਹੇ ਸਕੀਏ।

ਰੇ ਪੁਛ ਗਿਛ ਲਈ—
ਈ ਮਹਿੰਦਰ ਸਿੰਘ
2–E ਮਾਲਵਾ ਕਾਲੋਨੀ,
ੜੀ ਪੋਲਸ ਦੇ ਪਿਛਲੇ ਪਾਸੇ) ਪਟਿਆਲਾ।

ਦਾਸਰੇ—
ਅਖੰਡ ਕੀਰਤਨੀ ਜੱਥਾ,
ਪਟਿਆਲਾ।

## ਪ੍ਰਦੇਸੀ ਵੀਰਾਂ ਦਾ ਸ਼ਲਾਘਾਯੋਗ ਉਦਮ

ਸਾਨੂੰ ਇਹ ਜਾਣ ਕੇ ਬੜੀ ਪ੍ਰਸੰਨਤਾ ਹੋਈ ਹੈ ਕਿ ਸਾਡੇ ਤੋਂ ਹਜ਼ਾਰਾਂ ਮੀਲ ਦੂਰ ਬੈਠੇ ਗੁਰੂ ਪਿਆਰਿਆਂ ਗੁਰੂ ਨਾਨਕ ਦੇਵ ਜੀ ਦੇ 501 ਸਾਲਾ ਪ੍ਰਕਾਸ਼ ਉਤਸ਼ਵ ਸਮੇਂ ਇੰਗਲੈਂਡ ਦੀ ਧਰਤੀ ਤੋਂ ਸਪਤਾਹਕ ਪੱਤਰ 'ਸਿਖ ਟਾਈਮਜ਼' ਪ੍ਰਕਾਸ਼ਤ ਕਰਨ ਦਾ ਉਦਮ ਕੀਤਾ ਹੈ।

ਸਾਡੀ ਇਹ ਅਰਦਾਸ ਹੈ ਕਿ ਇਸ ਪਰਚੇ ਦੀ ਸਚੇ ਪਾਤਸ਼ਾਹ ਆਪ ਅਗਵਾਈ ਕਰਨ ਤੇ ਇਹ ਪਰਚਾ ਦਿਨ ਦੁਗਨੀ ਰਾਤ ਚੌਗੁਣੀ ਤਰੱਕੀ ਕਰੇ। 'ਸੂਰਾ' ਨੂੰ ਗੁਰੂ ਪਿਆਰੇ ਜੋ ਸੇਵਾ ਲਾਣਗੇ, ਅਸੀਂ ਹਰ ਤਰ੍ਹਾਂ ਇਨ੍ਹਾਂ ਦੀ ਸੇਵਾ ਕਰਾਂਗੇ।

(ਸੰਪਾਦਕ)

## ਧੰਨਵਾਦ !

ਭਾਈ ਅਜੀਤ ਸਿੰਘ ਜੀ ਲੁਧਿਆਣਾ ਨਿਵਾਸੀ ਦੇ ਗ੍ਰਹਿ ਵਿਖੇ ਪਿਛੇ ਜਿਹੇ ਅਖੰਡ ਪਾਠ ਸਮਾਗਮ ਹੋਇਆ ਤੇ ਪਟਿਆਲੇ ਤੋਂ ਭਾਈ ਮਹਿੰਦਰ ਸਿੰਘ ਜੀ ਜਥੇ ਸਮੇਤ ਕੀਰਤਨ ਦੀ ਸੇਵਾ ਲਈ ਪੁਜੇ। ਇਸ ਸਮੇਂ ਧਰਮ ਕਾਰਜਾਂ ਲਈ ਕਢੀ ਰਕਮ 'ਚੋਂ 51 ਰੁਪਏ ਸੂਰਾ ਨੂੰ ਭੇਜੇ ਗਏ। ਅਸੀਂ ਇਸ ਪ੍ਰਵਾਰ ਦੇ ਅਤੀ ਧੰਨਵਾਦੀ ਹਾਂ। —ਸੰਪਾਦਕ



www.AKJ.Org

# ਸ਼ੋਕਮਈ ਅਕਾਲ ਚਲਾਣਾ

ਦਾਸ ਦੀ ਧਰਮ ਪਤਨੀ ਅਮਰ ਕੌਰ ਜੀ 13-11-70 ਨੂੰ ਅਕਾਲ ਚਲਾਣਾ ਕਰ ਗਏ ਹਨ । ਉਹਨਾਂ ਦੀ ਆਤਮਾ ਦੀ ਸ਼ਾਂਤੀ ਲਈ ਸ੍ਰੀ ਗੁਰੂ ਗਰੰਥ ਸਾਹਿਬ ਦਾ ਅਖੰਡ ਪਾਠ 20-11-70 ਸ਼ੁਕਰਵਾਰ ਦੁਪਿਹਰ ਦੇ ਇਕ ਵਜੇ ਪ੍ਰਾਰੰਭ ਹੋਵੇਗਾ ਜਿਸਦਾ ਭੋਗ 22-11-70 ਐਤਵਾਰ ਨੂੰ ਬਾਅਦ ਦੁਪਿਹਰ 1 ਵਜੇ ਦਾਸ ਦੇ ਗ੍ਰਹਿ ਵਿਖੇ ਪਵੇਗਾ ।

ਉਪਰੰਤ 2 ਵਜੇ ਕੀਰਤਨ ਗੁਰਦਵਾਰਾ ਸ੍ਰੀ ਗੁਰੂ ਨਾਨਕ ਸਤਸੰਗ ਸਭਾ, (ਰਜਿ:) ਪੱਕਾ ਬਾਗ਼ ਵਿਖੇ ਆਰੰਭ ਹੋ ਕੇ 4 ਵਜੇ ਸਮਾਪਤੀ ਹੋਵੇਗੀ ।

ਆਪ ਦਾ ਹਿਤੂ—ਲਾਲ ਸਿੰਘ
E.R. 188, ਪੱਕਾ ਬਾਗ, ਜਲੰਧਰ ਸ਼ਹਿਰ

# ਮਹਾਤਮਾ ਸੁਰਜਨ ਸਿੰਘ ਦਾ ਵਿਛੋੜਾ

ਸ੍ਰ: ਰਾਮ ਸਿੰਘ ਜੀ ਰੀਟਾਇਰਡ ਇੰਜਨੀਅਰ ਰੇਲਵੇ ਚੰਡੀਗੜ ਦੇ ਪੂਜਨੀਕ ਪਿਤਾ ਮਹਾਤਮਾਂ ਸੁਰਜਨ ਸਿੰਘ ਜੀ 19-10-70 ਨੂੰ 105 ਸਾਲ ਦੀ ਆਯੂ ਵਿਚ ਚੜ੍ਹਾਈਆਂ ਕਰ ਗਏ ਹਨ । ਉਹਨਾਂ ਦੀ ਆਤਮਕ ਕਲਯਾਨ ਹਿਤ ਅਖੰਡ ਪਾਠ ਦਾ ਭੋਗ 25-10-70 ਨੂੰ ਉਹਨਾਂ ਦੇ ਗ੍ਰਹਿ ਪਾਇਆ ਗਿਆ । ਧਰਮ ਕਾਰਜਾਂ ਵਾਸਤੇ ਕਢੀ ਮਾਇਆ ਵਿਚੋਂ 11 ਰੁਪਏ ਸੂਰਾ ਦੀ ਸੇਵਾ ਲਈ ਭੇਜੇ । ਅਕਾਲ ਪੁਰਖ ਮਹਾਤਮਾ ਜੀ ਆਤਮਾ ਨੂੰ ਚਰਨਾਂ ਵਿਚ ਨਿਵਾਸ ਬਖਸ਼ੇ ਤੇ ਪ੍ਰਵਾਰ ਨੂੰ ਭਾਣੇ ਵਿਚ ਰਖੇ । (ਸੰਪਾਦਕ)

# ਪਿਆਰੇ ਦੀ ਯਾਦ ਵਿਚ ਸਹਾਇਤਾ

ਭਾਈ ਇੰਦਰ ਸਿੰਘ ਇਨਕਮ ਟੈਕਸ ਅਫ਼ਸਰ ਲੁਧਿਆਣਾ ਸਤਿਗੁਰੂ ਸਚੇ ਪਾਤਸ਼ਾਹ ਦੇ ਹੁਕਮ ਅਨੁਸਾਰ 13 ਸਤੰਬਰ ਐਤਵਾਰ ਨੂੰ 8 ਵਜੇ ਸਵੇਰੇ ਸਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਪ੍ਰਲੋਕ ਸਿਧਾਰ ਗਏ, ਇਹਨਾਂ ਦੇ ਨਮਿਤ ਰਖੇ ਪਾਠ ਦੇ ਭੋਗ ਸਮੇਂ 25 ਰੁਪਏ 'ਸੂਰਾ' ਨੂੰ ਭੇਜੇ ਗਏ । ਆਪ ਜੀ ਨੇ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੀ ਕਾਫ਼ੀ ਸੰਗਤ ਕੀਤੀ ਸੀ । ਸਾਡੀ ਅਰਦਾਸ ਹੈ ਕਿ ਇਸ ਗੁਰਮੁਖ ਵੀਰ ਨੂੰ ਸਚੇ ਪਾਤਸ਼ਾਹ ਆਪਣੇ ਚਰਨਾਂ ਵਿਚ ਹੀ ਰਖੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ । (ਸੰਪਾਦਕ)

# ਲਾਇਫ ਮੈਂਬਰ

ਭਾਈ ਗੁਰਨਾਮ ਸਿੰਘ ਜੀ ਇੰਗਲੈਂਡ ਤੋਂ 350 ਰੁਪਏ ਲਾਈਫ਼ ਮੈਂਬਰ ਸੂਰਾ ਦਾ ਚੰਦਾ ਭੇਜਦੇ ਹਨ ਤੇ ਨਾਲ ਗੁਰੂ ਨਾਨਕ ਪੁਰਬ ਜਲੰਧਰ ਵਿਖੇ ਹੋਏ ਕੀਰਤਨ ਸਮਾਗਮ ਤੇ ਗੁਰੂ ਕੇ ਲੰਗਰ ਲਈ 700 ਰੁਪਏ ਭੇਜਦੇ ਹਨ ਤੇ 50 ਰੁਪਏ ਪਿੰਗਲਵਾੜਾ ਲਈ ਭੇਜਦੇ ਹਨ ਅਸੀਂ ਇਹਨਾਂ ਦੇ ਅਤੀ ਧੰਨਵਾਦੀ ਹਾਂ ਹੁਣ ਸਾਡੇ ਇੰਗਲੈਂਡ ਵਿਚ 3 ਲਾਈਫ ਮੈਂਬਰ ਬਣ ਗਏ ਹਨ ਉਮੀਦ ਹੈ ਕਿ ਹੋਰ ਗੁਰੂ ਪਿਆਰੇ ਵੀ ਏਸੇ ਤਰ੍ਹਾਂ ਛੇਤੀ ਹੀ ਲਾਈਫ ਮੈਂਬਰ ਦਾ ਚੰਦਾ ਭੇਜ ਕੇ ਸੂਰਾ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਨਗੇ ।

ਪਹਿਲੇ ਦੋ ਲਾਈਫ ਮੈਂਬਰ ਇਹ ਹਨ :— [ਸੰਪਾਦਕ]

1. ਭਾਈ ਮਨੋਹਰ ਸਿੰਘ ਜੀ ਗੀਹਲ, ਇੰਗਲੈਂਡ
2. ਨਿਹੰਗ ਸ਼ਿੰਗਾਰਾ ਸਿੰਘ ਜੀ, ਇੰਗਲੈਂਡ



www.AKJ.Org

# ਗੁਰਬਾਣੀ ਪਾਠ-ਨਿਰਣਯ

ਵਲੋਂ :
ਗਿਆਨੀ ਹਰਬੰਸ ਸਿੰਘ ਜੀ, ਚੰਡੀਗੜ੍ਹ
(ਲੇਖਕ–ਕਰਤਾ 'ਜਪੁ-ਨਿਰਣਯ')
(ਕਿਸ਼ਤ ਚੌਥੀ)

| ਲੜੀਵਾਰ ਨੰਬਰ | ਪੰਨਾ | ਸਤਰ | ਪ੍ਰਚਲਤ ਪਾਠ (ਸ਼ੰਕਾਵਾਦੀ ਉਚਾਰਨ ਤੇ ਬਿਸਰਾਮ) | ਸ਼ੁਧ ਪਾਠ (ਸ਼ੁਦ ਉਚਾਰਨ ਤੇ ਬਿਸਰਾਮ) |
|---|---|---|---|---|
| ੩੮ | ੯ | ੧੦ | ਸਭਿ ਸੁਰਤੀ, ਮਿਲਿ ਸੁਰਤਿ ਕਮਾਈ ॥ | ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ |
| | | | ਸਭ ਕੀਮਤ ਮਿਲਿ, ਕੀਮਤਿ ਪਾਈ ॥ | ਸਭ ਕੀਮਿਤਿ ਮਿਲਿ,ਕੀਮਤਿ ਪਾਈ ॥ |
| (੩੯) | ੯ | ੧੧ | ਗਿਆਨੀ ਧਿਆਨੀ,ਗੁਰ ਗੁਰਹਾਈ ॥ | ਗਿਆਨੀ ਧਿਆਨੀ,ਗੁਰ ਗੁਰ ਹਾਈ ॥ |
| | | | ਕਹਣੁ ਨ ਜਾਈ,ਤੇਰੀ ਤਿਲੁ ਵਡਿਆਈ | ਕਹਣੁ ਨ ਜਾਈ,ਤੇਰੀ ਤਿਲੁ ਵਡਿਆਈ। |

ਨਿਰਣੇ:– (੩੮) ਇਨ੍ਹਾਂ ਦੋਹਾਂ ਪੰਕਤੀਆਂ ਦੇ ਅਰਥਾਂ ਦਾ ਨਿਰਣਾ ਕਰਨ ਲਈ ਗੁਰਬਾਣੀ-ਵਿਆ–ਕਰਣ ਤੋਂ ਜਾਣੂੰ ਹੋਣਾ ਅਤਿ ਜ਼ਰੂਰੀ ਹੈ। ਪਹਿਲੀ ਪੰਕਤੀ ਵਿਚ 'ਸਭਿ' ਪਦ ਦੇ ਭਭੇ ਨੂੰ ਸਿਆਰੀ ਲਗੀ ਹੋਈ ਹੈ। ਜਦੋਂ ਕਿ ਦੂਜੀ ਪੰਕਤੀ ਦੇ 'ਸਭ' ਪਦ ਦਾ ਭਭਾ ਮੁਕਤਾ ਹੈ। ਇਸ ਤਰ੍ਹਾਂ 'ਸੁਰਤੀ' ਤੇ 'ਸੁਰਤਿ' ਦੋਵੇਂ ਵਖੋ ਵਖਰੇ ਰੂਪ ਹਨ। ਕੀਮਤਿ ਪਦ ਦਾ ਅਖਰੀ ਜੋੜ ਇਕੋ ਜਿਹਾ ਹੈ ਪਰ ਅਰਥ ਕਰਨ ਵੇਲੇ'ਕੀਮਤਿ' ਪਦ ਦੇ ਅਰਥ 'ਮੁਲ' ਅਤੇ ਦੂਜੇ 'ਕੀਮਤਿ' ਪਦ ਦੇ ਅਰਥ 'ਮੁਲ ਪਾਉਣ ਵਾਲੇ' ਕਰਨੇ ਠੀਕ ਨਹੀਂ ਜਾਪਦੇ

ਗੁਰਬਾਣੀ ਅੰਦਰ ਜਿਥੇ 'ਸਭਿ' ਪਦ ਭਭੇ ਸਿਆਰੀ ਸਹਿਤ ਹੋਵੇ ਉਥੇ ਇਸ ਦਾ ਸਬੰਧ ਬਹੁ-ਬਚਨ ਨਾਂਵ ਨਾਲ ਹੁੰਦਾ ਹੈ, ਜਿਥੇ 'ਸਭੁ' ਦੇ ਭਭੇ ਨੂੰ ਔਂਕੜ ਹੋਵੇ, ਇਕ ਖਾਸ ਮਿਣਤੀ ਨਾਵ ਭਾਵ ਇੱਕਠ ਵਾਚਕ ਨਾਵ **(Collctive Noun)** ਦਾ ਲਖਾਇਕ ਹੁੰਦਾ ਹੈ। ਜਿਥੇ 'ਸਭ' ਦਾ ਭਭਾ ਅਖਰ ਮੁਕਤਾ-ਹੋਵੇ ਉਥੇ ਇਹ ਇਸਤ੍ਰੀ ਲਿੰਗ ਬਹੁ ਬਚਨੀ ਨਾਵ ਨਾਲ ਸਬੰਧ ਰਖਦਾ ਹੈ !

ਇਸ ਪੰਕਤੀ ਵਿਚ 'ਸਭਿ' ਅਤੇ 'ਸਭ' ਦੋ ਰੂਪਾਂ ਵਿਚ ਵਰਤਿਆ ਗਿਆ ਹੈ। ਪਹਿਲੇ 'ਸਭਿ' ਦਾ ਲਗਾਉ ਸੁਰਤ ਜੋੜਨ ਵਾਲੇ, ਸਮਾਧੀਆਂ ਲਾਉਣ ਵਾਲੇ ਸਿੱਧਾਂ ਨਾਲ ਹੈ। ਦੂਜੇ 'ਸਭ' ਦਾ ਸਬੰਧ 'ਕੀਮਤਿ' ਇਸਤਰੀ ਵਾਚਕ ਬਹੁ-ਬਚਨੀ ਨਾਵ ਨਾਲ ਹੈ। ਇਸ ਲਈ 'ਕੀਮਤਿ' ਪਦ ਦੇ ਅਰਥ 'ਕੀਮਤ ਪਾਉਣ ਵਾਲੇ' ਨਹੀਂ ਕੀਤੇ ਜਾ ਸਕਦੇ। 'ਸੁਰਤੀ' ਪਦ ਦਾ ਸ਼ੁਧ ਉਚਾਰਨ 'ਸੁਰਤੀਂ' ਬਿੰਦੇ ਸਹਿਤ ਕਰਨਾ ਚਾਹੀਦਾ ਹੈ। ਇਹਨਾਂ ਪੰਕਤੀਆਂ ਦੇ ਅਰਥ ਇਉਂ ਹਨ।

"ਹੇ ਵਾਹਿਗੁਰੂ ਜੀ ਤੇਰੇ ਵਡੱਪਣ ਦਾ ਅੰਦਾਜ਼ਾ ਲਾਉਣ ਲਈ, ਸਾਰੇ ਸੁਰਤੀਆਂ (ਸੁਰਤ ਜੋੜਨ ਵਾਲਿਆਂ) ਨੇ ਮਿਲਕੇ ਸੁਰਤ ਦੁਆਰਾ ਕਮਾਈ ਕੀਤੀ। (ਭਾਵ ਸਮਾਧ ਅਸਥਿਤ ਹੋ ਕੇ ਅੰਤ੍ਰ ਧਿਆਨ ਵਾਲੀ ਸ਼ਕਤੀ ਕਮਾਈ ਅਤੇ ਸਭ ਕੀਮਤਾਂ ਦੁਆਰਾ (ਸਭ ਸੁਰਤਿਆਂ ਨੇ) ਮਿਲਕੇ ਕੀਮਤ ਪਾਉਣੀ ਕੀਤੀ।

(੩੯) ਇਸ ਪੰਕਤੀ ਵਿਚ 'ਗੁਰ ਗੁਰਹਾਈ' ਅਤੇ 'ਗੁਰ ਗੁਰ ਹਾਈ' ਦੋਹਾਂ ਪਾਠਾਂ ਦਾ ਨਿਰਣਾ ਕਰਨ ਦੀ ਲੋੜ ਹੈ। ਇਸ ਦੇ ਪਰਚਲਤ ਅਰਥ ਇਉਂ ਹਨ.–

੧ ਗੁਰ ਗੁਰਹਾਈ–ਕਈ ਵਡੇ ਵਡੇ ਪ੍ਰਸਿਧ। ਇਹ ਲਫ਼ਜ਼ 'ਗਿਆਨੀ ਧਿਆਨੀ' ਦਾ ਵਿਸ਼ੇਸ਼ਣ ਹਨ।
(ਪ੍ਰੋ: ਸਾਹਿਬ ਸਿੰਘ ਜੀ)

www.AKJ.Org

੨ ਗੁਰਹਾਈ–ਗੁਰੂਹਾਇ-ਗੁਰੂ ਦਾ ਬਹੁ-ਬਚਨ। ਗੁਰੂਆਂ ਦੇ ਗੁਰੂ (ਬਸ਼ੰਦਾਰਥ)
੩ ਗੁਰੂ–ਦੇਵਤੇ ਗੁਰਹਾਈ–ਦੈਂਤ (ਸੰਤ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ)
੪ ਗੁਰ–ਅਚਾਰਯ (ਗ੍ਰੰਥ ਕਤਰਿਆਂ) (ਗੁਰਹਾਈ) ਵਡੇ ਗੁਰੂਆਂ ਨੇ (ਪੰਡਤ ਨਰੈਣ ਸਿੰਘ ਜੀ)
੫ ਗੁਰ ਗੁੌਰ ਹਾਈ–ਗੁਰੂਆਂ ਦੇ ਗੁਰੂਆਂ ਤੋਂ। ਤ੍ਰਿਤੀਆ ਬਹੁਬਚਨ ਹੈ ਪੁ: ਪੰਜਾਬੀ ਦਾ (ਭਾਈ ਵੀਰ ਸਿੰਘ
੬ ਗੁਰਹਾਈ ਗੁਰ ਭਾਈ (ਸੰਪ੍ਰਦਾਈ ਅਰਥ)

ਗੁਰਬਾਣੀ ਵਿਚ 'ਗੁਰੂ' ਪਦ ਦੀ ਵਰਤੋਂ ਬਹੁਤ ਥਾਵਾਂ ਤੇ ਮਿਲਦੀ ਹੈ ਪਰ 'ਗੁਰਹਾਈ' ਜਾਂ 'ਹਾਈ' ਪਦਾਂ ਦੀ ਵਰਤੋਂ ਕੇਵਲ ਹੇਠ ਲਿਖੀ ਪੰਕਤੀ ਵਿਚ ਮਿਲਦੀ ਹੈ:–

ਏਕੁ ਪਿਤਾ ਏਕਸ ਕੇ ਹਮ ਬਾਰਿਕ
ਤੂ ਮੇਰਾ ਗੁਰ ਹਾਈ (ਪੰਨਾ, ੬੧੧)

'ਹਾਈ' ਪਦ ਲਹਿੰਦੀ ਬੋਲੀ ਦਾ ਹੈ। ਸਰਗੋਧਾ ਸ਼ਾਹਪੁਰ (ਪਾਕਿਸਤਾਨ) ਵਿਚੋਂ ਆਏ ਹੋਏ ਸਜਣ ਹੁਣ ਤਕ ਆਪਣੇ ਇਲਾਕੇ ਦੀ ਬੋਲੀ ਬੋਲਦੇ ਹੋਏ ਕਈ ਵਾਰ ਉਪਰੋਕਤ ਪਦ ਦੀ ਵਰਤੋਂ ਕਰਦੇ ਹਨ। ਆਖਦੇ ਹਨ 'ਮੈਂ ਤੈਨੂੰ ਕੀ ਆਖਿਆ ਹਾਈ' ਸੋ ਇਸ ਤਰ੍ਹਾਂ ਦੀ ਵਰਤੋਂ ਤੋਂ ਇਸ ਦੇ ਅਰਥ 'ਹੈਂ' ਜਾਂ 'ਹਨ' ਜਾਂ ਤੋਂ ਹੀ ਬਣਦੇ ਹਨ ਜਿਵੇਂ ਕਿ 'ਗੁਰਹਾਈ' ਮੰਨਣ ਵਾਲੇ ਸਜਣਾਂ ਨੇ ਕੀਤੇ ਹਨ ਦੇ ਨਿਕਲਦੇ ਹਨ। ਕਈ ਸਜਣ ਬਿਨਾਂ ਵਿਚਾਰੇ 'ਹਾਈ' ਪਦ ਨੂੰ ਅੰਗਰੇਜ਼ੀ ਸ਼ਬਦ High ਨਾਲ ਜਾ ਟਕਰਾਂਦੇ ਹਨ। ਅਖਰਾਂ ਦੀ ਖਿਚ ਧਰੂ ਕਰਨੀ ਯੋਗ ਨਹੀਂ।

ਗੁਰਬਾਣੀ ਦੇ ਅਧਾਰ ਤੇ 'ਗੁਰ' 'ਗੁਰੁ' 'ਗੁਰਿ' 'ਗੁਰੂ' ਪਦਾਂ ਦੀ ਵਰਤੋਂ ਅਤੇ ਅਰਥਾਂ ਦਾ ਨਿਰਣਾ ਕਰਨ ਲਗੀਏ ਤਾਂ ਕਈ ਪੰਨੇ ਭਰੇ ਜਾਣਗੇ। ਇਸ ਲਈ ਇਥੇ 'ਗੁਰ' ਪਦ ਰਾਰੇ ਮੁਕਤੇ ਵਾਲੇ ਦੀ ਵਰਤੋਂ ਨੂੰ ਦਰਸਾਇਆ ਜਾਂਦਾ ਹੈ:–

੧ ਗੁਰਪ੍ਰਸਾਦਿ ਮੇਰੈ ਮਨਿ ਵਸਿਆ, (ਗੁਰੂ ਦੀ ਕਿਰਪਾ ਨਾਲ)
ਜੋ ਮਾਗਉ ਸੋ ਪਾਵਉ ਰੇ ॥ (ਪੰ: ੪੦੪)


੨ ਗੁਰ ਦੇਵਹੁ ਸਬਦੁ ਸੁਭਾਇ, (ਸੰਬੋਧਨ ਰੂਪ ਵਿਚ-ਹੇ ਗੁਰੂ ਜੀ)
ਮੈ ਮੂੜ ਨਿਸਤਾਰੀਆ ਰਾਮ (ਪੰ:੧੧੧੪)

੩ ਕਉਨੁ ਨਾਮੁ ਗੁਰ- ਜਾ ਕੈ ਸਿਮਰੈ (ਵੱਡਾ)
ਭਵਸਾਗਰ ਕਉ ਤਰਈ। (ਪੰਨਾ ੬੩੨)

ਗੁਰਸਬਦੀ, ਗੁਰਸੇਵਾ, ਗੁਰਸੇਵਕ, ਗੁਰਗੋਬਿੰਦ, ਗੁਰਸਤਿਗੁਰ, ਗੁਰਸਿਖ਼, ਗੁਰਸਿਖੀ, ਗੁਰਪੂਰਾ, ਗੁਰਪਾਉੜੀ, ਗੁਰਦੇਵ, ਗੁਰਦਰਸਨ, ਗੁਰਚਰਨ, ਗੁਰਗਿਆਨ, ਗੁਰਕਿਰਪਾ ਇਤਆਦਿ ਕਈ ਸ਼ਬਦ ਹਨ ਜਿਹਨਾਂ ਵਿਚ 'ਗੁਰ' ਪਦ ਦਾ ਰਾਰਾ ਮੁਕਤਾ ਹੁੰਦਾ ਹੈ। ਗੁਰਬਾਣੀ ਵਿਆਕਰਣ ਅਨੁਸਾਰ 'ਗੁਰ' ਵਿਸ਼ੇਸ਼ਣ ਰੂਪ ਵਿਚ ਜਾਂ ਸਬੰਧ ਕਾਰਨ ਵਿਚ ਵਰਤਿਆ ਜਾਂਦਾ ਹੈ। 'ਗੁਰ' ਪਦ ਦੇ ਕਈ ਅਰਥ ਹਨ, ਅੰਧੇਰੇ ਵਿਚ ਪ੍ਰਕਾਸ਼ ਕਰਨ ਵਾਲਾ, ਸਿਖਿਆ ਦਾਤਾ, ਦੀਰਘ ਮਾਤਰਾ ਵਾਲਾ ਅੱਖਰ, ਵੱਡਾ ਤਰੀਕਾ, (ਹਿਸਾਬ ਦੇ ਗੁਰ) ਇਸ ਰੂਪ ਵਾਲਾ ਗੁਰ ਪਦ ਅਕਾਲ ਪੁਰਖ ਦੇ ਅਰਥਾਂ ਵਿਚ ਨਹੀਂ ਵਰਤਿਆ ਜਾਂਦਾ ਉਹ 'ਗੁਰ' ਪਦ ਹਾਰੇ ਔਂਕੜ ਵਾਲਾ ਹੁੰਦਾ ਹੈ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਗੁਰਦੇਵ ਅਕਾਲ ਪੁਰਖ ਜੀ ਲਈ ਵਰਤਿਆ ਹੈ: ਮੈਂ ਆਪਣਾ ਗੁਰੂ ਪੂਛਿ ਦੇਖਿਆ, ਅਵਰ ਨਹੀਂ ਥਾਉਂ ॥ (ਚਲਦਾ)




www.AKJ.Org




ਬੜੋਦੇ ਤੋਂ ਬੰਬਈ ਜਾਂਦਿਆਂ ਰਸਤੇ ਵਿਚ ਪੜਾਉ ਦਾ ਇਕ ਦ੍ਰਿਸ਼, ਜ਼ਿਸ ਵਿਚ
ਭਾਈ ਪ੍ਰੀਤਮ ਸਿੰਘ ਜੀ 'ਚਾਨੀ' ਦਿਖਾਈ ਦੇ ਰਹੇ ਹਨ ।

*



ਬੜੋਦੇ ਤੋਂ ਬੰਬਈ ਨੂੰ ਜਾਂਦਿਆਂ ... ਠਿਹਰਾਉ ਸਮੇਂ

www.AKJ.Org



ਇਹ ਜਥਾ ਭੂਪਾਲ ਵਿਖੇ 24-10-70 ਨੂੰ ਅੰਮ੍ਰਿਤ ਵੇਲੇ ਗੁਰਦਵਾਰਾ ਸਾਹਿਬ ਸ਼ਾਹਜਹਾਨਾਬਾਦ ਕੀਰਤਨ ਉਪਰੰਤ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਦੇ ਇਤਿਹਾਸਕ ਗੁਰਦਵਾਰੇ, ਜਿਥੇ ਇਕ ਕੋਹੜੀ ਦਾ ਉਧਾਰ ਕੀਤਾ ਸੀ, ਤੇ ਅਜੇ ਤਕ ਨਿਰੰਕਾਰੀ ਸਤਿਗੁਰੂ ਦੇ ਪਊਏ ਦੇ ਨਿਸ਼ਾਨ ਹਨ, ਦਰਸ਼ਨ ਪਰਸਣ ਲਈ ਪੁਜਾ ਨਾਲ ਹੋਰ ਸੰਗਤਾਂ ਨਿਸ਼ਾਨ ਸਾਹਿਬ ਦੇ ਤਾਬਿਆ ਖੜੀਆਂ ਗਦ ਗਦ ਹੋ ਰਹੀਆਂ ਹਨ ।



ਮੇਰਠ ਦੀਆਂ ਸੰਗਤਾਂ ਪ੍ਰਚਾਰਕ ਜਥੇ ਦੀ ਸੁਆਗਤੀ-ਮਿਲਣੀ ਸਮੇਂ
ਗੁਰੂ-ਚਰਨਾਂ ਨਾ[illegible]ਆਂ ਹੋਈਆਂ ਦਾ ਦ੍ਰਿਸ਼ਜ

www.AKJ.Org